ਮਿਸਲ ਨੰ: ਐਫ.ਡੀ.-ਐਫ.ਬੀ.-101/24/2024-1ਵਿਬ1/978516/2024

ਅਤਿ ਜ਼ਰੂਰੀ
ਬਜਟ 2025-2026

ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਬਜਟ-1 ਸ਼ਾਖਾ)

ਮਿਤੀ, ਚੰਡੀਗੜ੍ਹ: 28.11.2024

ਸੇਵਾ ਵਿਖੇ,

i) ਸਮੂਹ ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ।

ii) ਸਮੂਹ ਵਿਭਾਗਾਂ ਦੇ ਮੁੱਖੀ, ਪੰਜਾਬ ਸਰਕਾਰ ।

iii) ਸਮੂਹ ਡਵੀਜ਼ਨਾਂ ਦੇ ਕਮਿਸ਼ਨਰ।

iv) ਰਾਜ ਦੇ ਸਮੂਹ ਡਿਪਟੀ ਕਮਿਸ਼ਨਰ, ਜਿਲ੍ਹਾ ਅਤੇ ਸੈਸ਼ਨ ਜੱਜ।

v) ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ।

vi) ਸਕੱਤਰ, ਪੰਜਾਬ ਵਿਧਾਨ ਸਭਾ ।

ਵਿਸ਼ਾ :- **ਸਾਲ 2024-25 ਦੇ ਸੋਧੇ ਅਨੁਮਾਨ ਅਤੇ ਸਾਲ 2025-26 ਦੇ ਬਜਟ ਅਨੁਮਾਨ ਤਿਆਰ ਕਰਨ ਸਬੰਧੀ ਵਿੱਤ ਵਿਭਾਗ ਨੂੰ ਤਜਵੀਜ਼ਾਂ ਲੇਖਾ ਪੱਤਰ ਪੇਸ਼ ਕਰਦੇ ਸਮੇਂ ਅਪਣਾਏ ਜਾਣ ਵਾਲੇ ਦਿਸ਼ਾ ਨਿਰਦੇਸ਼ ਸਬੰਧੀ।**

ਸ਼੍ਰੀਮਾਨ ਜੀ/ਸ਼੍ਰੀਮਤੀ ਜੀ,

ਮੈਨੂੰ ਆਪ ਜੀ ਦਾ ਧਿਆਨ ਉਪਰੋਕਤ ਵਿਸ਼ੇ ਵੱਲ ਦਿਵਾਉਂਦੇ ਹੋਏ ਸਾਲ 2024-25 ਦੇ ਸੋਧੇ ਅਨੁਮਾਨ ਅਤੇ ਸਾਲ 2025-26 ਦੇ ਬਜਟ ਅਨੁਮਾਨ ਤਿਆਰ ਕਰਨ ਦੇ ਸਬੰਧ ਵਿੱਚ ਇਸ ਪੱਤਰ ਰਾਹੀਂ ਦਿਸ਼ਾ ਨਿਰਦੇਸ਼ ਜਾਰੀ ਕਰਨ ਦੀ ਹਦਾਇਤ ਹੋਈ ਹੈ। ਸਾਲ 2024-25 ਦੇ ਸੋਧੇ ਅਨੁਮਾਨ ਅਤੇ ਸਾਲ 2025-26 ਦੇ ਬਜਟ ਅਨੁਮਾਨ ਸਬੰਧੀ ਖਰਚੇ ਅਤੇ ਰਸੀਟ ਬਜਟ ਦੀਆਂ ਤਜਵੀਜਾਂ IFMS ਰਾਹੀਂ ਵਿੱਤ ਵਿਭਾਗ ਦੀ ਸਬੰਧਤ ਵਿੱਤ ਖਰਚਾ ਸ਼ਾਖਾ ਨੂੰ ਮਿਤੀ **10 ਦਸੰਬਰ 2024** ਤੱਕ ਆਨਲਾਈਨ ਭੇਜਣੀਆਂ ਯਕੀਨੀ ਬਣਾਈਆਂ ਜਾਣ। ਇਸ ਦੇ ਸਬੰਧ ਵਿਚ ਜੋ ਸੂਚਨਾ **ਨਿਰਧਾਰਤ ਪ੍ਰੋਫਾਰਮਿਆਂ** ਅਨੁਸਾਰ ਭੇਜੀ ਜਾਣੀ ਲੋੜੀਂਦੀ ਹੈ, ਉਹ ਵੀ IFMS ਰਾਹੀਂ ਆਨਲਾਈਨ ਹੀ ਭੇਜਣੀ ਯਕੀਨੀ ਬਣਾਈ ਜਾਵੇ ਤਾਂ ਜੋ ਬਜਟ ਤਜਵੀਜਾਂ ਦੇ ਸਬੰਧ ਵਿਚ ਸਹੀ-ਸਹੀ ਅਨੁਮਾਨ ਲਾਉਂਦੇ ਹੋਏ ਇਹਨਾਂ ਨੂੰ ਸਮੇਂ ਸਿਰ ਅੰਤਿਮ ਰੂਪ ਦਿਤਾ ਜਾ ਸਕੇ। IFMS ਸਿਸਟਮ ਰਾਹੀਂ ਭੇਜੀਆਂ ਜਾਣ ਵਾਲੀਆਂ ਬਜਟ ਤਜਵੀਜ਼ਾਂ ਲਈ ਅਨੁਲੱਗ 1 ਅਤੇ 2 ਅਨੁਸਾਰ ਆਨ-ਲਾਈਨ ਸਕਰੀਨਾਂ ਰਾਹੀਂ ਉਪਲੱਬਧ ਕਰਵਾਏ ਜਾਣਗੇ। ਇਨ੍ਹਾਂ ਤਜਵੀਜਾਂ ਤੇ ਬਜਟ ਸਬੰਧੀ ਮੀਟਿੰਗਾਂ ਦੌਰਾਨ ਹੀ ਵਿਚਾਰ ਕੀਤਾ ਜਾਵੇਗਾ ।

(ੳ) ਬਜਟ ਕੰਟਰੋਲ
(A) Budget-Control

2. ਇਹ ਵੇਖਣ ਵਿਚ ਆਇਆ ਹੈ ਕਿ ਕਈ ਵਿਭਾਗਾਂ ਵੱਲੋਂ ਇਕੋ ਹੀ ਵਿਸ਼ੇ ਨਾਲ ਸਬੰਧਤ ਵੱਖ-ਵੱਖ ਸਕੀਮਾਂ ਖੁਲਵਾ ਲਈਆਂ ਜਾਂਦੀਆਂ ਹਨ ਜਿਸ ਕਰਕੇ ਸਕੀਮਾਂ ਦੀ ਓਵਰਲੈਪਿੰਗ ਹੁੰਦੀ ਹੈ। **ਵਿੱਤ ਵਿਭਾਗ ਵੱਲੋਂ ਸਾਲ 2025-26 ਦੌਰਾਨ ਅਜਿਹੀਆਂ ਸਕੀਮਾਂ ਨੂੰ ਰੈਸ਼ਨਲਾਈਜ਼ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਲਈ ਪ੍ਰਬੰਧਕੀ ਵਿਭਾਗਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਅਜਿਹੀਆਂ ਸਕੀਮਾਂ ਜੋ ਕਿ ਓਵਰਲੈਪਿੰਗ ਹੋ ਰਹੀਆਂ ਹਨ, ਦੇ ਸਬੰਧ ਵਿਚ ਆਪਣੇ ਪੱਧਰ ਤੇ ਛਾਣਬੀਣ ਕੀਤੀ ਜਾਵੇ ਅਤੇ ਉਨ੍ਹਾਂ ਸਕੀਮਾਂ ਨੂੰ ਰੈਸ਼ਨਲਾਈਜ਼ ਕਰਨ ਦੀ ਖੇਚਲ ਕੀਤੀ ਜਾਵੇ।**

2.1 ਇਹ ਵੀ ਵੇਖਿਆ ਗਿਆ ਹੈ ਕਿ ਕਈ ਸੈਂਟਰਲੀ ਸਪਾਂਸਰਡ ਸਕੀਮਾਂ ਅਧੀਨ ਸ਼ੇਅਰਿੰਗ ਪੈਟਰਨ ਤੇ ਭਾਰਤ ਸਰਕਾਰ ਤੋਂ ਰਾਸ਼ੀ ਪ੍ਰਾਪਤ ਕੀਤੀ ਜਾ ਸਕਦੀ ਹੈ ਪਰ ਪ੍ਰਬੰਧਕੀ ਵਿਭਾਗ ਵਲੋਂ ਭਾਰਤ ਸਰਕਾਰ ਤੋਂ ਰਾਸ਼ੀ ਪ੍ਰਾਪਤ ਕਰਨ ਦੀ ਬਜਾਏ ਓਸੇ ਮੰਤਵ ਲਈ ਸਟੇਟ ਸਕੀਮਾਂ ਖੁਲਵਾ ਲਈਆਂ ਜਾਂਦੀਆਂ ਹਨ, ਜਿਸ ਨਾਲ ਰਾਜ ਸਰਕਾਰ ਨੂੰ ਵਿੱਤੀ ਬੋਝ ਉਠਾਉਣਾ ਪੈਂਦਾ ਹੈ, ਜੋ ਰਾਜ ਦੀ ਵਿੱਤੀ ਹਾਲਤ ਨੂੰ ਖਰਾਬ ਕਰਦਾ ਹੈ। ਇਸ ਲਈ ਪ੍ਰਬੰਧਕੀ ਵਿਭਾਗ ਇਸ ਸਬੰਧ ਵਿਚ ਵੀ ਪੂਰੀ ਤਰ੍ਹਾਂ ਆਪਣੇ ਵਿਭਾਗ ਦੀਆਂ ਸਟੇਟ ਸਕੀਮਾਂ ਦੀ ਛਾਣਬੀਣ ਕਰਨ ਅਤੇ ਜਿਨ੍ਹਾਂ ਸਕੀਮਾਂ ਅਧੀਨ ਰਾਸ਼ੀ ਭਾਰਤ ਸਰਕਾਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ, ਉਸ ਅਨੁਸਾਰ ਸੈਂਟਰਲੀ ਸਪਾਂਸਰਡ ਸਕੀਮਾਂ ਅਧੀਨ ਲੋੜੀਂਦਾ ਬਜਟ ਉਪਬੰਧ ਕਰਵਾਉਣ ਦੀ ਖੇਚਲ ਕਰਨ।

2.2 ਕਈ ਵਾਰ ਪ੍ਰਬੰਧਕੀ ਵਿਭਾਗਾਂ ਵਲੋਂ ਚਲਾਏ ਜਾ ਰਹੇ ਪ੍ਰੋਜੈਕਟਾਂ/ਸਕੀਮਾਂ ਸਬੰਧੀ ਬਿਨ੍ਹਾਂ ਕਿਸੇ ਕਰੀਟੇਰੀਏ/ਮਾਪਦੰਡ ਦੇ ਲੋੜ ਨਾਲੋਂ ਵਾਧੂ ਬਜਟ ਉਪਬੰਧ ਕਰਵਾ ਲਿਆ ਜਾਂਦਾ ਹੈ ਜਦੋਂਕਿ ਸਬੰਧਤ ਪ੍ਰੋਜੈਕਟ ਬਜਟ ਉਪਬੰਧ ਨਾਲੋਂ ਘੱਟ ਰਾਸ਼ੀ ਵਿੱਚ ਹੀ ਮੁਕੰਮਲ ਹੋ ਜਾਂਦਾ ਹੈ। ਇਸ ਤਰ੍ਹਾਂ ਜੇਕਰ ਅਨੁਮਾਨ ਲਗਾਉਣ ਵਾਲੇ ਅਧਿਕਾਰੀ ਵੱਲੋਂ ਟਾਲੇ ਜਾਣ ਵਾਲੇ ਖਰਚ ਜਾਂ ਵਾਧੂ ਖਰਚ ਦਾ ਉਪਬੰਧ ਕਰਵਾ ਲਿਆ ਜਾਂਦਾ ਹੈ, ਤਾਂ ਉਸ ਅਧਿਕਾਰੀ ਨੂੰ ਵਿੱਤੀ ਅਣਗਹਿਲੀ ਲਈ ਜਿੰਮੇਵਾਰ ਠਹਿਰਾਇਆ ਜਾ ਸਕਦਾ ਹੈ, ਇਸ ਤਰ੍ਹਾਂ ਕਰਨ ਨਾਲ ਜੋ ਵੀ ਸੇਵਿੰਗ ਹੁੰਦੀ ਹੈ ਉਸ ਨੂੰ ਪ੍ਰਬੰਧਕੀ ਵਿਭਾਗਾਂ ਨੂੰ ਕਿਸੇ ਵੀ ਹੋਰ ਨਵੇਂ ਪ੍ਰੋਜੈਕਟਾਂ ਵਿਚ ਖਰਚਾ ਕਰਨ ਦੀ ਪੂਰਨ ਤੌਰ ਤੇ ਮਨਾਹੀ ਹੋਵੇਗੀ। ਇਸ ਲਈ ਪ੍ਰਬੰਧਕੀ ਵਿਭਾਗ ਹਰ ਪ੍ਰੋਜੈਕਟ ਲਈ ਅਲੱਗ-2 ਬਜਟ ਉਪਬੰਧ ਹੀ ਕਰਵਾਉਣ ।

2.3 ਵਿਭਾਗਾਂ ਦੁਆਰਾ ਬਜਟ ਅਨੁਮਾਨ ਤਿਆਰ ਕਰਦੇ ਸਮੇਂ ਸਕੀਮਾਂ/ਪ੍ਰੋਜੈਕਟਾਂ ਦੇ ਖਰਚੇ ਦੀ ਵਿਸਤ੍ਰਿਤ ਪੜਤਾਲ ਕੀਤੇ ਬਿਨਾਂ ਅਤੇ ਅੰਤਿਮ ਰੂਪ ਦੇਣ ਤੋਂ ਪਹਿਲਾਂ ਹੀ ਉਹਨਾਂ ਸਕੀਮਾਂ ਲਈ ਨਾ ਮਾਤਰ ਖਰਚੇ ਦਾ ਉਪਬੰਧ ਕਰਵਾ ਲਿਆ ਜਾਂਦਾ ਹੈ ਅਤੇ ਬਾਅਦ ਵਿਚ ਅਜਿਹੀਆਂ ਸਕੀਮਾਂ ਦੇ ਸਬੰਧ ਵਿਚ ਬਜਟ ਦੇ ਵਾਧੇ ਲਈ ਤਜਵੀਜਾਂ ਵਿੱਤ ਵਿਭਾਗ ਨੂੰ ਭੇਜੀਆਂ ਜਾਂਦੀਆਂ ਹਨ। ਇਸ ਤਰ੍ਹਾਂ ਪ੍ਰਬੰਧਕੀ ਵਿਭਾਗਾਂ ਦੁਆਰਾ ਕੀਤੀਆਂ ਗਈਆਂ ਅਨੁਪੂਰਕ ਮੰਗਾਂ ਘਾਟੇ ਦੇ ਬਜਟ ਵਿਚ ਹੋਰ ਵਾਧਾ ਕਰਦੀਆਂ ਹਨ

ਅਤੇ ਇਹ ਘਾਟਾ ਪ੍ਰਾਪਤ ਸਾਧਨਾਂ ਦੁਆਰਾ ਸਰਕਾਰ ਲਈ ਪੂਰਾ ਕਰਨਾ ਅਸੰਭਵ ਹੋ ਜਾਂਦਾ ਹੈ। **ਇਸ ਕਰਕੇ ਸਮੂਹ ਵਿਭਾਗਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜਦੋਂ ਇੱਕ ਵਾਰ ਬਜਟ ਬਣ ਗਿਆ ਹੋਵੇ ਤਾਂ ਬਜਟ ਵਿਚਲੇ ਉਪਬੰਧਾਂ ਨੂੰ ਵਿਭਾਗਾਂ ਦੁਆਰਾ ਆਪਣੇ ਖਰਚੇ ਲਈ ਵੱਧ ਤੋਂ ਵੱਧ ਸੀਮਾ ਸਮਝਿਆ ਜਾਵੇ ਅਤੇ ਵਿੱਤ ਵਿਭਾਗ ਦੁਆਰਾ ਵਿੱਤੀ ਸਾਲ ਦੌਰਾਨ ਕੋਈ ਵੀ ਵਾਧੂ ਫੰਡ ਨਹੀ ਦਿੱਤੇ ਜਾਣਗੇ।**

2.4 ਵਿੱਤ ਵਿਭਾਗ ਵਲੋਂ ਉਨ੍ਹਾਂ ਵਿਭਾਗਾਂ ਦੀਆਂ ਬਜਟ ਤਜਵੀਜਾਂ ਤੇ ਹੀ ਵਿਚਾਰ ਕੀਤਾ ਜਾਵੇਗਾ, ਜਿਨ੍ਹਾਂ ਵਲੋਂ ਐਸ.ਐਨ.ਏ. ਖਾਤਿਆਂ ਨੂੰ ਛੱਡ ਕੇ ਬਾਕੀ ਮਨਟੇਨ ਕੀਤੇ ਜਾ ਰਹੇ ਸਾਰੇ ਬੈਂਕ ਖਾਤੇ eDMS Portal ਤੇ ਅਪਲੋਡ ਕਰਵਾ ਦਿੱਤੇ ਗਏ ਹਨ। ਇਸ ਲਈ ਪ੍ਰਬੰਧਕੀ ਵਿਭਾਗਾਂ ਵਲੋਂ ਇਹ ਸਰਟੀਫਿਕੇਟ ਦਿੱਤਾ ਜਾਵੇ ਕਿ ਉਨ੍ਹਾਂ ਦੇ ਅਤੇ ਉਨ੍ਹਾਂ ਦੀਆਂ ਏਜੰਸੀਆਂ ਜੋ ਕਿ ਰਾਜ ਸਰਕਾਰ ਵਲੋਂ ਬਜਟ ਰਾਹੀਂ ਰਾਸ਼ੀ ਪ੍ਰਾਪਤ ਕਰ ਰਹੀਆਂ ਹਨ ਦੇ ਐਸ.ਐਨ.ਏ. ਖਾਤਿਆਂ ਨੂੰ ਛੱਡ ਕੇ ਬਾਕੀ ਮੇਨਟੇਨ ਕੀਤੇ ਜਾ ਰਹੇ ਸਾਰੇ ਬੈਂਕ ਖਾਤਿਆਂ ਦੀ ਮੁਕੰਮਲ ਡਿਟੇਲ eDMS Portal ਤੇ ਅਪਲੋਡ ਕਰ ਦਿੱਤੀ ਗਈ ਹੈ।

(ਅ) ਖਰਚਾ ਬਜਟ

(B) Expenditure Budget

3. ਵਿਭਾਗੀ ਬਜਟ ਅਨੁਮਾਨ ਤਿਆਰ ਕਰਨ ਅਤੇ ਇਸ ਨੂੰ ਵਿੱਤ ਵਿਭਾਗ ਨੂੰ ਪੇਸ਼ ਕਰਨ ਸਬੰਧੀ ਹਦਾਇਤਾਂ ਪੰਜਾਬ **ਬਜਟ ਮੈਨੂਅਲ ਦੇ ਅਧਿਆਏ 3, 4 ਅਤੇ 5** ਵਿੱਚ ਦਰਜ ਹਨ। ਵਿਭਾਗਾਂ ਵੱਲੋਂ ਬਜਟ ਤਿਆਰ ਕਰਨ ਦੇ ਸਬੰਧ ਵਿੱਚ ਪੰਜਾਬ ਬਜਟ ਮੈਨੂਅਲ ਵਿੱਚ ਦਰਜ ਗਾਈਡਲਾਈਨਜ਼ ਅਤੇ ਵਿੱਤ ਵਿਭਾਗ ਦੁਆਰਾ ਸਮੇਂ ਸਮੇਂ ਸਿਰ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਜਾਂਦੀ। ਇਸ ਲਈ ਆਂਉਂਦੇ ਪੈਰਿਆ ਵਿੱਚ ਵਿਸ਼ੇਸ ਨੁਕਤੇ ਦਰਸਾਏ ਗਏ ਹਨ।

4. ਇਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਸਾਲ 2025-26 ਦੇ ਬਜਟ ਅਨੁਮਾਨ ਤਿਆਰ ਕਰਨ ਲਈ ਵਿਭਾਗ ਵਿਚ ਮੌਜੂਦਾ ਮੁਲਾਜ਼ਮਾ ਦੀ ਗਿਣਤੀ ਦੇ ਆਧਾਰ ਤੇ ਸਾਲਾਨਾਂ ਤੱਰਕੀਆਂ ਅਤੇ ਡੀ.ਏ. ਵਜੋਂ ਤਨਖਾਹ ਵਿਚ ਸਾਲ 2024-25 ਦੇ ਸੋਧੇ ਅਨੁਮਾਨ ਦੇ ਆਧਾਰ ਤੇ 5% ਦਾ ਵਾਧਾ ਦੇ ਕੇ ਅਨੁਮਾਨ ਤਿਆਰ ਕਰਨੇ ਚਾਹੀਦੇ ਹਨ।

5. ਮੰਨਜ਼ੂਰ-ਸ਼ੁਦਾ ਅਮਲਾ ਭਾਵੇਂ ਪੱਕਾ ਹੋਵੇ ਜਾਂ ਆਰਜੀ, ਦੇ ਅਨੁਮਾਨ ਤਿਆਰ ਕਰਨ ਲਈ ਪੰਜਾਬ ਬਜਟ ਮੈਨੂਅਲ ਦੇ **ਪੈਰ੍ਹਾ 3.6 ਅਤੇ 5.6** ਵਿੱਚ **ਗਾਈਡਲਾਈਨਜ਼ ਦਿੱਤੀਆਂ ਗਈਆਂ ਹਨ।** ਇਨ੍ਹਾਂ ਗਾਈਡਲਾਈਨਜ਼ ਅਨੁਸਾਰ ਗਰੁੱਪ ਵਾਈਜ਼ ਅਮਲੇ ਦੀ ਗਿਣਤੀ ਅਤੇ ਤਨਖਾਹ ਦੇ ਅਨੁਮਾਨ IFMS ਰਾਹੀਂ ਆਨਲਾਈਨ ਭੇਜਣੇ ਯਕੀਨੀ ਬਣਾਏ ਜਾਣ। **ਇਸ ਦੀ ਅਣਹੋਂਦ ਕਾਰਨ ਵਿੱਤ ਵਿਭਾਗ ਵੱਲੋਂ ਤਜ਼ਵੀਜ ਪ੍ਰਵਾਨ ਨਹੀਂ ਕੀਤੀ ਜਾਵੇਗੀ।** ਇਸ ਲਈ ਅਜਿਹੇ ਖਰਚੇ ਲਈ ਫੰਡਾਂ ਦਾ ਉਪਬੰਧ ਨਾ ਹੋ ਸਕਣ ਲਈ ਜਿੰਮੇਵਾਰੀ ਸਬੰਧਤ ਵਿਭਾਗ ਦੀ ਹੋਵੇਗੀ। **ਨਵੀਂ ਭਰਤੀ ਸਬੰਧੀ ਬਜਟ**

ਉਪਬੰਧ ਕਰਦੇ ਸਮੇਂ ਸਾਲ 2024-25 ਅਤੇ 2025-26 ਦੌਰਾਨ ਪ੍ਰਸੋਨਲ/ਵਿੱਤ ਵਿਭਾਗ ਵੱਲੋਂ ਜਾਰੀ ਪ੍ਰਵਾਨਗੀਆਂ ਦੇ ਪੱਤਰ ਨੰਬਰ ਅਤੇ ਮਿਤੀ ਵੀ ਤਜਵੀਜਾਂ ਵਿੱਚ ਦਰਸਾਏ ਜਾਣ।

6.1 ਸੋਧੇ ਅਨੁਮਾਨ 2024-25 ਅਤੇ ਬਜਟ ਅਨੁਮਾਨ 2025-26 ਲਈ ਕਰਮਚਾਰੀਆਂ ਦੀ ਤਨਖਾਹ ਸਬੰਧੀ ਤਜਵੀਜ਼ਾਂ ਤਿਆਰ ਕਰਦੇ ਸਮੇਂ ਨਿਮਨ ਗੱਲਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ:-

(ੳ) ਮੂਲ ਤਨਖਾਹ;
(ਅ) ਸਾਲਾਨਾ ਤਨਖਾਹ ਤਰੱਕੀ;
(ੲ) ਸਪੈਸਲ ਤਨਖਾਹ ਭੱਤਾ:
(ਸ) ਮਹਿੰਗਾਈ ਭੱਤਾ
(ਹ) ਮਕਾਨ ਕਿਰਾਇਆ/ਪੇਂਡੂ ਭੱਤਾ
(ਕ) ਮੁਆਵਜ਼ਾ ਭੱਤਾ
(ਖ) ਨਿਸ਼ਚਿਤ ਮੈਡੀਕਲ ਭੱਤਾ
(ਗ) ਮੋਬਾਇਲ ਭੱਤਾ
(ਘ) ਸਫਰੀ ਭੱਤਾ
(ਙ) ਛੁੱਟੀ ਸਫਰ ਰਿਆਇਤ (ਐਲ.ਟੀ.ਸੀ)।

6.2 ਖਾਲੀ ਆਸਾਮੀਆਂ ਦੇ ਬਜਟ ਉਪਬੰਧ

ਪੰਜਾਬ ਬਜਟ ਮੈਨੂਅਲ ਦੇ ਪੈਰ੍ਹਾ 5.6 ਅਨੁਸਾਰ ਰੋਕ ਕੇ ਰੱਖੀਆਂ ਅਤੇ ਖਾਲੀ ਪਈਆਂ ਆਸਾਮੀਆਂ ਦੇ ਪ੍ਰਭਾਵ ਨੂੰ ਧਿਆਨ ਵਿੱਚ ਰੱਖਦੇ ਹੋਏ, **ਇਨ੍ਹਾਂ ਲਈ ਕੋਈ ਬਜਟ ਉਪਬੰਧ ਨਾ ਕੀਤਾ ਜਾਵੇ।** ਡੈਪੁਟੇਸ਼ਨ ਤੇ ਗਏ ਜਾਂ ਸਮੇਂ ਅੰਦਰ ਵਾਪਿਸ ਨਾ ਆਉਣ ਵਾਲੇ ਕਰਮਚਾਰੀਆਂ ਦੇ ਖਰਚੇ ਦਾ ਉਪਬੰਧ ਵੀ ਨਾ ਕੀਤਾ ਜਾਵੇ।

6.3 ਮਕਾਨ ਕਿਰਾਇਆ ਭੱਤਾ, ਮੈਡੀਕਲ ਭੱਤਾ ਅਤੇ ਐਲ.ਟੀ.ਸੀ.

ਮਕਾਨ ਕਿਰਾਇਆ ਭੱਤਾ ਅਤੇ ਨਿਸ਼ਚਿਤ ਮੈਡੀਕਲ ਭੱਤੇ ਦੇ ਸਬੰਧ ਵਿੱਚ ਮੰਗੇ ਗਏ ਖਰਚੇ ਦਾ ਉਪਬੰਧ ਕਰਨ ਲਈ ਕਰਮਚਾਰੀਆਂ ਦੀ ਗਿਣਤੀ ਦੇ ਆਧਾਰ ਤੇ ਅਨੁਮਾਨ ਤਿਆਰ ਕੀਤੇ ਜਾਣ। **ਐਲ.ਟੀ.ਸੀ. ਦਾ ਉਪਬੰਧ ਤਨਖਾਹ ਦੇ ਉਪਬੰਧ ਦੇ ਇੱਕ ਪ੍ਰਤੀਸ਼ਤ ਤੋਂ ਵੱਧ ਨਾ ਹੋਵੇ।**

6.4 **ਉਜ਼ਰਤਾਂ:-** ਇਸ ਐਸ.ਓ.ਈਜ਼. ਦੇ ਸਬੰਧ ਵਿੱਚ ਫੰਡ ਮੁਹੱਈਆ ਕਰਵਾਉਣ ਲਈ ਤਜਵੀਜ਼ਾਂ ਦਿਹਾੜੀਦਾਰਾਂ ਦੀ ਅਸਲ ਗਿਣਤੀ ਅਤੇ ਸਬੰਧਤ ਡਿਪਟੀ ਕਮਿਸ਼ਨਰਾਂ ਦੁਆਰਾ ਨਿਸਚਿਤ ਕੀਤੀਆਂ ਦਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਤਿਆਰ ਕੀਤੀਆਂ ਜਾਣ।

6.5 **ਦਫਤਰੀ ਖਰਚੇ :** ਦਫਤਰੀ ਖਰਚੇ ਸਬੰਧੀ ਤਜਵੀਜਾਂ **ਐਨ.ਆਈ.ਸੀ.** ਵੱਲੋਂ ਉਪਲਬੱਧ ਕਰਵਾਏ ਗਏ ਪ੍ਰੋਫ਼ਾਰਮੇਂ ਅਨੁਸਾਰ ਸਮੁੱਚਾ ਵੇਰਵਾ ਦਰਸਾਉਂਦੇ ਹੋਏ ਭੇਜੀਆਂ ਜਾਣ। **ਕਿਸੇ**

ਵੀ ਖਰਚੇ ਲਈ ਨਿਸ਼ਚਿਤ ਐਸ.ਓ.ਈ. ਦੇ ਖਰਚੇ ਨੂੰ ਦਫਤਰੀ ਖਰਚੇ ਦੀ ਐਸ.ਓ.ਈ. ਵਿੱਚ ਬੁੱਕ ਨਾ ਕੀਤਾ ਜਾਵੇ।

6.6 **ਕੰਟਰੈਕਟ / ਆਊਟਸੋਰਸ :** ਵਿੱਤ ਵਿਭਾਗ ਵੱਲੋਂ ਜਾਰੀ ਪੱਤਰ ਨੰ: 8/04/2017-5ਵਿਬ1/1140155/1 ਮਿਤੀ 5 ਜਨਵਰੀ, 2018 ਦੇ ਨਾਲ ਨੱਥੀ List of S.O.E. ਦੇ ਲੜੀ ਨੰ: 25 ਅਤੇ 26-ਤੇ ਦਰਜ ਕਰਮਵਾਰ S.O.E. 28 ਤੇ 30 ਵਿਚਕਾਰ ਹੇਠ ਲਿਖੇ ਅਨੁਸਾਰ ਫਰਕ ਦਰਸਾਇਆ ਜਾਂਦਾ ਹੈ:-

(i) 28-Professional Services - ਇਸ S.O.E. ਵਿਚ ਉਹ ਸਾਰੀਆਂ ਸੇਵਾਵਾਂ ਕਵਰ ਹੋਣਗੀਆਂ ਜਿਹੜੀਆਂ ਸੇਵਾਵਾਂ ਹਾਇਰ ਕੀਤੀਆਂ ਗਈਆਂ ਹੋਣ ਜਿਵੇਂ ਕਿ ਕਾਨੂੰਨੀ ਸੇਵਾਵਾਂ, ਕੰਸਲਟੈਂਸੀ ਫੀਸਾਂ, ਫੀਲਡ ਆਰਟਿਸਟਾਂ ਨੂੰ ਭੱਤਾ ਆਦਿ ਭਾਵ ਕਿ ਇਸ S.O.E. ਵਿਚ ਉਹ ਖਰਚਾ ਬੁੱਕ ਕੀਤਾ ਜਾਵੇਗਾ, ਜਿਸ ਦੇ ਬਦਲੇ ਸੇਵਾਵਾਂ ਲਈਆਂ ਜਾਣੀਆ ਹਨ।

ਇਸ ਬਾਰੇ ਵਿਸ਼ੇਸ ਤੌਰ ਤੇ ਸਪੱਸ਼ਟ ਕੀਤਾ ਜਾਂਦਾ ਹੈ ਕਿ **ਜੇਕਰ ਕੋਈ ਵਿਭਾਗ ਕਿਸੇ ਠੇਕੇਦਾਰ ਰਾਹੀ ਸੇਵਾਵਾਂ ਲੈਂਦਾਂ ਹੈ ਜਿਵੇਂ ਕਿ ਆਊਟ ਸੋਰਸਿਜ ਤੇ ਰੱਖੇ ਗਏ ਵਿਅਕਤੀ ਨੂੰ ਦੇਣ ਵਾਲੇ ਭੱਤੇ/ Honorarium/ Remuneration ਆਦਿ ਇਸ S.O.E. ਵਿਚ ਕਵਰ ਹੋਣਗੇ ਅਤੇ ਇਸ ਸਬੰਧੀ ਸਾਰੀਆਂ ਲਾਇਬਿਲਟਿਜ਼** ਸਬੰਧਤ ਠੇਕੇਦਾਰ ਦੀਆਂ ਹੋਣਗੀਆਂ, ਜਿਸ ਵੱਲੋਂ ਇਹ ਸੇਵਾਵਾਂ ਸਬੰਧਤ ਵਿਭਾਗ ਨੂੰ ਪ੍ਰਦਾਨ ਕੀਤੀਆਂ ਗਈਆਂ ਹੋਣਗੀਆਂ ਭਾਵ ਕਿ ਵਿਭਾਗਾਂ ਦੁਆਰਾ ਇਕਰਾਰਨਾਮਾ ਠੇਕੇਦਾਰ ਨਾਲ ਕੀਤਾ ਗਿਆ ਹੈ।

(ii) 30-Other Contractual Services - ਇਸ S.O.E. ਵਿਚ ਉਹ ਸਾਰੀਆਂ ਸੇਵਾਵਾਂ ਦੇ ਖਰਚੇ ਕਵਰ ਹੋਣਗੇ ਜਿਸ ਵਿੱਚ **ਵਿਭਾਗ ਵੱਲੋਂ ਸਬੰਧਤ ਵਿਅਕਤੀ ਨਾਲ ਸਿੱਧੇ ਤੌਰ ਤੇ ਇਕਰਾਰ ਨਾਮਾ ਹੋਇਆ ਹੋਵੇ।** ਇਸ ਸਥਿਤੀ ਵਿਚ ਉਸ ਵਿਅਕਤੀ ਦੀ ਪੂਰਨ ਲਾਇਬਿਲਟੀ ਉਸ ਵਿਭਾਗ ਦੀ ਹੋਵੇਗੀ ਜਿਸ ਨੇ ਸਬੰਧਤ ਵਿਅਕਤੀ ਨਾਲ ਇਕਰਾਰਨਾਮਾ ਕੀਤਾ ਹੋਵਗਾ।

6.7 **ਗੱਡੀਆਂ ਦੀ ਖਰੀਦ ਅਤੇ ਪੈਟਰੋਲ ਆਦਿ:-**

i. ਪੀ.ਓ.ਐਲ. ਅਤੇ ਗੱਡੀਆਂ ਦੀ ਖਰੀਦ ਆਦਿ ਕਰਨ ਲਈ ਵਿੱਤ ਵਿਭਾਗ ਵਲੋਂ ਪੱਤਰ ਨੰ: 8/4/2017-5ਵਿਬ1/1140155/1 ਮਿਤੀ 5-1-2018 ਰਾਹੀਂ ਜਾਰੀ ਕੀਤੀਆਂ ਐਸ.ਓ.ਈਜ਼. Purchase of Staff Cars ਲਈ ਐਸ.ਓ.ਈ. 07, Hiring of Vehicles for Office Use ਲਈ ਐਸ.ਓ.ਈ. 08, Repair and maintenance of Staff Cars ਲਈ ਐਸ.ਓ.ਈ. 09, P.O.L. of Office Vehicles ਲਈ ਐਸ.ਓ.ਈ 10, Purchase of Transport Vehicles ਲਈ ਐਸ.ਓ.ਈ.57, Repair and Maintenance of Transport Vehicle ਲਈ

ਐਸ.ਓ.ਈ. 58 ਅਤੇ P.O.L. of Transport Vehicle ਲਈ ਐਸ.ਓ.ਈ. 59 ਵਿਚ ਹੀ ਬਜਟ ਉਪਬੰਧ ਕਰਵਾਇਆ ਜਾਵੇ।

ii. ਵਿਭਾਗ ਵਲੋਂ ਦਫਤਰ ਦੀਆਂ ਕੇਵਲ ਉਨ੍ਹਾਂ ਗੱਡੀਆਂ ਦੇ ਪੈਟਰੋਲ ਅਤੇ ਮੈਨਟੇਨੈਂਸ ਲਈ ਹੀ ਬਜਟ ਪ੍ਰੋਵੀਜਨ ਕਰਵਾਈ ਜਾਵੇ ਜਿਨ੍ਹਾਂ ਗੱਡੀਆਂ ਨੂੰ ਪ੍ਰਬੰਧਕੀ ਵਿਭਾਗ ਵਲੋਂ ਵਹੀਕਲ ਮੈਨੇਜਮੈਂਟ ਸਿਸਟਮ ਤੇ enrolled ਕੀਤਾ ਗਿਆ ਹੋਵੇ। ਇਸ ਸਬੰਧ ਵਿਚ ਵਿੱਤ ਵਿਭਾਗ ਵਲੋਂ ਪੱਤਰ ਨੰ: 9/77/2017-5ਵਿਬ1/9 ਮਿਤੀ 15-01-2019 ਰਾਹੀਂ ਜਾਰੀ ਹਦਾਇਤਾਂ ਨੂੰ ਧਿਆਨ ਵਿਚ ਰੱਖਿਆ ਜਾਵੇ।

iii. ਵਿੱਤ ਵਿਭਾਗ ਦੇ ਪੱਤਰ ਨੰ: 8/1/2019-5ਵਿਬ1/17 ਮਿਤੀ 15.01.2019 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਕੇਵਲ ਉਸੇ ਹੀ ਵਹੀਕਲ /ਵਹੀਕਲਜ਼ ਦੀ ਖਰੀਦ ਵਾਸਤੇ ਬਜਟ ਉਪਬੰਧ ਕੀਤਾ ਜਾਵੇ, ਜਿਸ ਵਹੀਕਲ / ਵਹੀਕਲਜ਼ ਦੀ ਖਰੀਦ ਲਈ ਮੋਟਰ ਵਹੀਕਲ ਬੋਰਡ ਵਲੋਂ ਸਬੰਧਤ ਵਿਭਾਗ ਨੂੰ ਖਰੀਦ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੋਵੇ।

iv. ਇਸ ਤੋਂ ਇਲਾਵਾ ਪੈਟਰੋਲ/ਤੇਲ ਲਈ ਖਰਚੇ ਦਾ ਬਜਟ ਉਪਬੰਧ, ਵਿੱਤ ਵਿਭਾਗ ਦੇ ਪੱਤਰ ਨੰ: 8/2/2012-5 ਵਿਬ1/343-346, ਮਿਤੀ 27.07.2012 ਰਾਹੀਂ ਮਿੱਥੇ ਨਾਰਮ ਅਨੁਸਾਰ ਹੀ ਕੀਤਾ ਜਾਵੇ।

v. ਸਾਲ 2025-26 ਲਈ ਪੀ.ਓ.ਐਲ. ਅਧੀਨ ਖਰਚੇ ਦਾ ਉਪਬੰਧ ਕਰਵਾਉਣ ਹਿੱਤ ਚਾਲੂ ਗੱਡੀਆਂ ਦੀ ਗਿਣਤੀ (ਪੈਟਰੋਲ/ਡੀਜ਼ਲ) ਅਤੇ ਕੰਡਮ/ਬਦਲਣ ਯੋਗ ਗੱਡੀਆਂ ਦੀ ਗਿਣਤੀ ਨੂੰ ਧਿਆਨ ਵਿੱਚ ਰੱਖਿਆ ਜਾਵੇ।

vi. ਗੱਡੀਆਂ ਕਿਰਾਏ ਤੇ ਲੈਣ ਸਬੰਧੀ ਵਿੱਤ ਵਿਭਾਗ ਵੱਲੋਂ ਪੱਤਰ ਨੰ:8/3/2014-5ਵਿਬ1/360108/1, ਮਿਤੀ 04-12-2014 ਰਾਹੀਂ ਜਾਰੀ ਕੀਤੀਆਂ ਹਦਾਇਤਾ ਅਤੇ ਟਰਾਂਸਪੋਰਟ ਵਿਭਾਗ ਵਲੋਂ ਪੱਤਰ ਨੰ:2/10/91-4ਟੀ2/432 ਮਿਤੀ 02-03-2023 ਰਾਹੀਂ ਜਾਰੀ ਕੀਤੀਆਂ ਗਈਆ ਹਦਾਇਤਾਂ ਨੂੰ ਬਜਟ ਉਪਬੰਧ ਕਰਵਾਉਂਣ ਸਮੇਂ ਧਿਆਨ ਵਿਚ ਰੱਖਿਆ ਜਾਵੇ।

6.8 **ਹੋਰ ਖਰਚੇ :- ਐਸ.ਓ.ਈ. 50- ਹੋਰ ਖਰਚੇ ਅਤੇ ਛੋਟੀ ਮੱਦ 800-ਹੋਰ ਖਰਚੇ ਦੀ ਵਰਤੋਂ ਘੱਟ ਤੋਂ ਘੱਟ ਕੀਤੀ ਜਾਵੇ।** ਐਸ.ਓ.ਈ. 50- ਹੋਰ ਖਰਚੇ ਅਤੇ ਛੋਟੀ ਮੱਦ 800-ਹੋਰ ਖਰਚੇ ਅਧੀਨ ਖਰਚਾ ਬੁੱਕ ਕਰਨ ਦੀ ਬਜਾਏ ਸਬੰਧਤ ਢੁਕਵੀਆਂ ਛੋਟੀਆਂ ਮੱਦਾ/ਸਬੰਧਤ ਐਸ.ਓ.ਈ.ਅਧੀਨ ਬਜਟ ਉਪਬੰਧ ਕੀਤਾ ਜਾਵੇ ਤਾਂ ਜੋ ਇਹ ਪਤਾ ਲੱਗ ਸਕੇ ਕਿ ਇਹ ਖਰਚਾ ਕਿਸ ਮੰਤਵ ਲਈ ਕੀਤਾ ਜਾ ਰਿਹਾ ਹੈ।

7. **ਪ੍ਰਾਈਵੇਟ ਬਿਲਡਿੰਗਾਂ ਦੇ ਕਿਰਾਏ ਸਬੰਧੀ:**- ਵਿੱਤ ਵਿਭਾਗ ਵੱਲੋਂ ਮਿਤੀ 9.05.2017 ਰਾਹੀਂ ਸਮੂਹ ਪ੍ਰਬੰਧਕੀ ਵਿਭਾਗਾਂ ਨੂੰ ਹਦਾਇਤਾ ਜਾਰੀ ਕੀਤੀਆਂ ਗਈਆਂ ਸਨ ਕਿ ਜੋ ਵੀ ਦਫਤਰ

ਪ੍ਰਾਈਵੇਟ ਬਿਲਡਿੰਗਾਂ ਵਿਚ ਸਥਿਤ ਹਨ, ਨੂੰ ਆਪਣੇ-ਆਪਣੇ ਵਿਭਾਗ ਦੇ ਸਬੰਧਤ ਭਵਨਾਂ ਵਿਚ ਤੁਰੰਤ ਸ਼ਿਫਟ ਕੀਤਾ ਜਾਵੇ ਅਤੇ ਜਿਹੜੇ ਵਿਭਾਗਾਂ ਦੇ ਭਵਨ ਨਹੀ ਬਣੇ ਹੋਏ ਉਹਨਾਂ ਨੂੰ ਦੂਜੇ ਵਿਭਾਗਾਂ ਦੇ ਭਵਨਾਂ ਵਿਚ ਜੇਕਰ ਉੱਥੇ ਥਾਂ ਉਪਲੱਬਧ ਹੋਵੇ ਤਾਂ ਉੱਥੇ ਸ਼ਿਫਟ ਕਰ ਦਿਤਾ ਜਾਵੇ। ਵਿੱਤ ਵਿਭਾਗ ਵੱਲੋਂ ਮਿਤੀ 30.06.2017 ਤੋਂ ਬਾਅਦ ਕਿਸੇ ਵੀ ਵਿਭਾਗ ਨੂੰ ਬਿਲਡਿੰਗਾਂ ਦੇ ਕਿਰਾਏ ਵਾਸਤੇ ਅਦਾਇਗੀ ਲਈ ਕੋਈ ਫੰਡਜ਼ ਉਪਲੱਬਧ ਨਹੀਂ ਕਰਵਾਏ ਜਾਣਗੇ। ਇਹਨਾਂ ਹਦਾਇਤਾਂ ਦੀ ਲਗਾਤਾਰਤਾ ਵਿੱਚ ਮਿਤੀ 13.07.2017 ਅਤੇ ਮਿਤੀ 25.01.2018 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਵਿੱਚ ਹੇਠ ਲਿਖੇ ਅਨੁਸਾਰ ਸਪੱਸ਼ਟ ਤੌਰ ਤੇ ਅੰਕਿਤ ਕੀਤਾ ਗਿਆ ਹੈ:-

> "ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਮਿਤੀ 30.06.2017 ਤੋਂ ਬਾਅਦ ਸਬੰਧਤ ਡਰਾਇੰਗ ਅਤੇ ਡਿਸਬਰਸਿੰਗ ਅਫਸਰ ਸਬੰਧਤ ਖਜਾਨਾ ਅਫ਼ਸਰਾਂ ਨੂੰ ਬਿਲ ਭੇਜਦੇ ਸਮੇਂ ਇਹ ਤਸਦੀਕ ਕਰਨਗੇ ਕਿ ਇਨ੍ਹਾਂ ਬਿਲਾਂ ਵਿੱਚ ਪ੍ਰਾਈਵੇਟ ਬਿਲਡਿੰਗਾਂ ਦਾ ਕਿਰਾਇਆ ਸ਼ਾਮਲ ਨਹੀਂ ਹੈ"

ਇਸ ਲਈ ਸਮੂਹ ਪ੍ਰਬੰਧਕੀ ਵਿਭਾਗਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਨ੍ਹਾਂ ਦੇ ਅਧੀਨ ਆਉਂਦੇ ਦਫਤਰ ਜੋ ਕਿ ਅਜੇ ਵੀ ਪ੍ਰਾਈਵੇਟ ਬਿਲਡਿੰਗਾਂ ਵਿੱਚ ਸਥਿਤ ਹਨ, ਨੂੰ ਤੁਰੰਤ ਸਰਕਾਰੀ ਬਿਲਡਿੰਗਾਂ/ਭਵਨਾਂ ਵਿੱਚ ਸ਼ਿਫਟ ਕਰਵਾਉਣ ਦੇ ਉਪਰਾਲੇ ਕੀਤੇ ਜਾਣ।

7.1 ਇਸ ਮਕਸਦ ਲਈ ਆਪ ਜੀ ਵੱਲੋਂ ਵਿੱਤ ਵਿਭਾਗ ਨੂੰ **ਸਾਲ 2024-25 ਦੇ ਸੋਧੇ ਅਨੁਮਾਨ ਅਤੇ ਸਾਲ 2025-26 ਦੇ ਬਜਟ ਅਨੁਮਾਨ ਸਬੰਧੀ ਭੇਜੀਆਂ ਜਾਣ ਵਾਲੀਆਂ ਤਜਵੀਜ਼ਾਂ ਵਿੱਚ ਕਿਸੇ ਵੀ ਪ੍ਰਾਈਵੇਟ ਬਿਲਡਿੰਗ ਦਾ ਕਿਰਾਇਆ ਸ਼ਾਮਿਲ ਨਾ ਕੀਤਾ ਜਾਵੇ। ਜੇਕਰ ਕਿਸੇ ਪ੍ਰਾਈਵੇਟ ਬਿਲਡਿੰਗ ਦਾ ਕਿਰਾਇਆ ਸ਼ਾਮਲ ਹੈ ਤਾਂ ਉਸ ਸਬੰਧੀ ਵਿੱਤ ਵਿਭਾਗ ਦੀ ਪ੍ਰਵਾਨਗੀ ਦਾ ਪੱਤਰ ਨੰਬਰ ਅਤੇ ਮਿਤੀ ਦਾ ਵਿਸ਼ੇਸ਼ ਤੌਰ ਤੇ ਜਿਕਰ ਕੀਤਾ ਜਾਵੇ।**

8. **<u>ਡਿਕਰੀ ਰਕਮ ਲਈ ਉਪਬੰਧ</u> :-** ਭਾਰਤ ਦੇ ਸੰਵਿਧਾਨ ਦੇ ਅਨੁਛੇਦ 202 ਦੇ ਖੰਡ (3)(ੲ) ਦੇ ਅਨੁਸਾਰ ਕਿਸੇ ਕੋਰਟ ਜਾਂ ਸਾਲਸੀ ਟ੍ਰਿਬਿਊਨਲ ਦੇ ਨਿਰਣੇ, ਡਿਕਰੀ ਜਾਂ ਐਵਾਰਡ ਸਬੰਧੀ ਲੋੜੀਂਦਾ ਕੋਈ ਖਰਚ ਰਾਜ ਦੇ ਸੰਚਿਤ ਫੰਡ ਵਿੱਚੋ ਕਰਨਾ ਹੁੰਦਾ ਹੈ। ਰਾਜ ਅਚੇਤ ਫੰਡ ਵਿੱਚੋਂ ਸੰਭਵ ਹੱਦ ਤੱਕ ਪੇਸ਼ਗੀਆਂ ਨੂੰ ਟਾਲਣ ਦੇ ਮੰਤਵ ਲਈ ਅਜਿਹੇ ਡਿਕਰੀ, ਖਰਚੇ ਪੂਰੇ ਕਰਨ ਲਈ ਸਾਰੀਆਂ ਮੰਗਾਂ (ਸਬੰਧਤ ਉਪਮੱਦਾਂ/ਛੋਟੀਆਂ ਮੱਦਾਂ) ਅਧੀਨ ਬਜਟ ਉਪਬੰਧ ਕਰਵਾਉਣਾ ਹੁੰਦਾ ਹੈ।

8.1 ਇਹ ਅਨੁਭਵ ਕੀਤਾ ਗਿਆ ਹੈ ਕਿ ਸਮੂਹ ਵਿਭਾਗਾਂ ਵੱਲੋਂ ਬਜਟ ਅਨੁਮਾਨਾਂ ਵਿੱਚ ਫੰਡਾਂ ਦੇ ਉਪਬੰਧ ਲਈ ਤਜਵੀਜ਼ਾਂ ਭੇਜਦੇ ਸਮੇਂ ਉਕਤ ਪੈਰ੍ਹਾ 8 ਦੇ ਉਪਬੰਧਾਂ ਦੀ ਪੂਰੀ ਤਰ੍ਹਾਂ ਪਾਲਣਾ ਨਹੀਂ ਕੀਤੀ ਜਾਂਦੀ। ਬਜਟ ਅਨੁਮਾਨਾਂ ਵਿੱਚ "ਡਿਕਰੀ ਰਕਮ" ਸਬੰਧੀ ਕੋਈ ਉਪਬੰਧ ਨਾ ਹੋਣ ਦੀ ਸੂਰਤ ਵਿੱਚ ਡਿਕਰੀ ਦਾ ਖਰਚ ਪੂਰਾ ਕਰਨ ਲਈ ਵਿੱਤੀ ਮੁਸ਼ਕਲਾਂ ਪੇਸ਼ ਆਉਂਦੀਆਂ ਹਨ। ਇਸ ਲਈ ਇਸ ਗੱਲ ਤੇ

ਜ਼ੋਰ ਦਿੱਤਾ ਜਾਂਦਾ ਹੈ ਕਿ **ਗਰਾਂਟ ਲਈ ਹਰੇਕ ਮੰਗ ਵਿੱਚ ਹਰ ਸਾਲ "ਡਿਕਰੀ ਰਕਮਾਂ" ਲਈ ਉਚਿਤ ਉਪਬੰਧ S.O.E.50-Other charges (Charged) ਅਧੀਨ ਕਰਵਾਇਆ ਜਾਵੇ ਪਰ ਪ੍ਰੋਜੈਕਟਾਂ, ਵਰਕਸ ਅਤੇ ਭੂਮੀ ਅਧਿਗ੍ਰਹਿਣ ਕੇਸਾਂ ਵਿੱਚ ਅਜਿਹੀਆਂ ਅਦਾਇਗੀਆਂ ਪ੍ਰੋਪਰ ਪ੍ਰੋਜੈਕਟ/ ਵਰਕ ਨੂੰ ਚਾਰਜ ਕੀਤੀਆਂ ਜਾਣਗੀਆਂ ਨਾ ਕਿ ਮਾਈਨਰ ਹੈੱਡ 800-ਅਦਰ ਚਾਰਜਿਜ਼ ਨੂੰ।**

8.2 <u>ਸਹਾਇਤਾ ਗ੍ਰਾਂਟਾਂ (Grants-in-Aid)</u>

ਲੇਖਿਆਂ ਦੀਆਂ ਵੱਖ-ਵੱਖ ਮੱਦਾ ਅਧੀਨ ਸਹਾਇਤਾਂ ਗਰਾਂਟਾਂ ਲਈ ਉਪਬੰਧ ਕਰਨ ਦੇ ਸਬੰਧ ਵਿੱਚ ਇਹ ਯਕੀਨੀ ਬਣਾ ਲਿਆ ਜਾਵੇ ਕਿ ਸਹਾਇਤਾ ਗਰਾਂਟਾਂ ਦੇ ਉਪਬੰਧ ਲਈ NIC ਵੱਲੋਂ ਉਪੱਲਬਧ ਕਰਵਾਏ ਗਏ **<u>ਪ੍ਰੋਫਾਰਮੇਂ</u>** ਵਿੱਚ ਭਰਕੇ ਲਾਜ਼ਮੀ ਤੌਰ ਤੇ ਆਨਲਾਈਨ ਬਜਟ ਦੇ ਨਾਲ ਭੇਜੇ ਜਾਣ। ਗ੍ਰਾਂਟ ਇੰਨ ਏਡ ਸਬੰਧੀ ਬਜਟ ਉਪਬੰਧ ਕਰਵਾਉਂਣ ਲਈ ਹੇਠ ਅਨੁਸਾਰ ਨੁੱਕਤਿਆਂ ਨੂੰ ਧਿਆਨ ਵਿਚ ਰੱਖਿਆ ਜਾਵੇ:-

i. ਐਸ.ਓ.ਈ. 31- ਗ੍ਰਾਟ ਇੰਨ ਏਡ (ਸੈਲਰੀ) ਅਧੀਨ ਕੇਵਲ ਸੈਲਰੀ ਦੀ ਰਾਸ਼ੀ ਦਾ ਹੀ ਬਜਟ ਉਪਬੰਧ ਕਰਵਾਇਆ ਜਾਵੇ। ਇਸ ਸਬੰਧ ਵਿਚ ਵਿੱਤ ਵਿਭਾਗ ਵਲੋਂ ਪੱਤਰ ਨੰ: FD-FB-109/39/2022-5FB1/598762, ਮਿਤੀ 17-07-2023 ਰਾਹੀਂ ਜਾਰੀ ਹਦਾਇਤਾਂ ਨੂੰ ਧਿਆਨ ਵਿਚ ਰੱਖਿਆ ਜਾਵੇ। ਪੈਨਸ਼ਨ ਅਤੇ ਸੇਵਾ ਨਿਵਰਤੀ ਦੇ ਲਾਭਾਂ ਦੀ ਅਦਾਇਗੀ ਲਈ ਐਸ.ਓ.ਈ -31 ਅਧੀਨ ਬਜਟ ਉਪਬੰਧ ਕਰਵਾਉਣ ਦੀ ਮਨਾਹੀ ਹੋਵੇਗੀ।

ii. ਜਿਨ੍ਹਾਂ ਵਿਭਾਗਾਂ ਨੂੰ ਪੈਨਸ਼ਨ ਅਤੇ ਸੇਵਾ ਨਿਵਰਤੀ ਦੇ ਲਾਭਾਂ ਦੀ ਅਦਾਇਗੀ ਲਈ ਬਜਟ ਵਿਚੋਂ ਫੰਡਜ਼ ਪ੍ਰਾਪਤ ਕਰਨ ਸਬੰਧੀ ਵਿੱਤ ਵਿਭਾਗ ਵਲੋਂ ਪ੍ਰਵਾਨਗੀ ਦਿੱਤੀ ਹੋਈ ਹੈ ਕੇਵਲ ਉਨ੍ਹਾਂ ਵਿਭਾਗਾਂ ਵਲੋਂ ਪੈਨਸ਼ਨ ਅਤੇ ਸੇਵਾ ਨਿਵਰਤੀ ਦੇ ਲਾਭਾਂ ਦੀ ਅਦਾਇਗੀ ਲਈ ਐਸ.ਓ.ਈ.-36 ਗ੍ਰਾਂਟ ਇੰਨ ਏਡ (ਨਾਨ ਸੈਲਰੀ) ਅਧੀਨ ਬਜਟ ਉਪਬੰਧ ਕਰਵਾਇਆ ਜਾਵੇ।

iii. ਐਸ.ਓ.ਈ.-35 ਗ੍ਰਾਂਟ ਇੰਨ ਏਡ (Creation of Capital Assets) ਦੇ ਖਰਚਿਆਂ ਲਈ ਐਸ.ਓ.ਈ. 31- ਗ੍ਰਾਂਟ ਇੰਨ ਏਡ (ਸੈਲਰੀ) ਅਤੇ ਐਸ.ਓ.ਈ.-36 ਗ੍ਰਾਂਟ ਇੰਨ ਏਡ (ਨਾਨ ਸੈਲਰੀ) ਵਿਚ ਬਜਟ ਉਪਬੰਧ ਕਰਵਾਉਂਣ ਦੀ ਮਨਾਹੀ ਹੋਵੇਗੀ।

8.3 <u>ਹਰੇਕ ਮੰਗ ਦੇ ਅੰਤ ਵਿੱਚ ਗ੍ਰਾਂਟ-ਇੰਨ-ਏਡ ਦਾ ਇੱਕ ਵੱਖਰਾ ਸਰਟੀਫਿਕੇਟ ਲਗਾਉਣ ਸਬੰਧੀ</u>:-

ਪੰਜਾਬ ਬਜਟ ਮੈਨੂਅਲ ਦੇ ਪੈਰ੍ਹਾ 1.5 ਵਿੱਚ ਇਹ ਉਪਬੰਧ ਕੀਤਾ ਗਿਆ ਹੈ ਕਿ :-

Grant-in-Aid and Contribution are in the nature of an Input into a programme or activity like salary, travelling expenses etc. So, this item of expenditure should also be reflected under the programme or activity head as objective-wise class.

ਇਸ ਬਾਰੇ ਇੰਚਾਰਜ N.I.C. ਪੰਜਾਬ ਸਿਵਲ ਸਕੱਤਰੇਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਹਰੇਕ ਮੰਗ ਵਿੱਚ ਜੇਕਰ ਗ੍ਰਾਂਟ-ਇੰਨ-ਏਡ 5000 ਰੁਪਏ ਤੋਂ ਵੱਧ ਹੈ ਤਾਂ ਉਸ ਨੂੰ ਹਰੇਕ Demand ਦੇ ਅੰਤ ਵਿੱਚ ਸਬ-ਹੈੱਡ ਵਾਇਜ਼/ਵਿਭਾਗ ਵਾਇਜ਼ ਅਲੱਗ -ਅਲੱਗ ਦਿਖਾਇਆ ਜਾਵੇ। ਜੇਕਰ ਕਿਸੇ ਡਿਮਾਂਡ ਵਿੱਚ ਗ੍ਰਾਂਟ-ਇੰਨ-ਏਡ ਦੀ ਰਾਸ਼ੀ 5000/- ਰੁਪਏ ਤੋਂ ਘੱਟ ਦੀ ਹੈ ਤਾਂ ਉਸ ਵਿਚ ਇੱਕ ਜਾਂ ਇੱਕ ਤੋਂ ਵੱਧ ਗ੍ਰਾਂਟ-ਇੰਨ-ਏਡ ਦੀ ਰਾਸ਼ੀ ਮਿਲਾ ਕੇ 5000/- ਰੁਪਏ ਤੱਕ ਬਣਦੀ ਹੈ ਤਾਂ ਉਸ ਨੂੰ ਇਕੱਠਾ ਕਰਕੇ ਹਰੇਕ ਮੰਗ ਦੇ ਅੰਤ ਵਿੱਚ ਇੱਕ ਚਾਰਟ ਰਾਹੀਂ ਦਿਖਾਇਆ ਜਾਵੇ।

9.1 <u>ਰੈਵੀਨਿਊ ਅਤੇ ਕੈਪੀਟਲ ਖਰਚੇ ਦਾ ਉਪਬੰਧ **(Provision of Revenue and Capital Expenditure)**</u>: ਇਸ ਸਬੰਧ ਵਿੱਚ ਵਾਰ ਵਾਰ ਹਦਾਇਤਾਂ ਜਾਰੀ ਕਰਨ ਦੇ ਬਾਵਜੂਦ ਵੀ ਇਹ ਵੇਖਣ ਵਿੱਚ ਆਇਆ ਹੈ ਕਿ ਕਈ ਵਿਭਾਗਾਂ ਵੱਲੋਂ ਰੈਵੀਨਿਊ ਖਰਚੇ ਨੂੰ ਕੈਪੀਟਲ ਮੇਜਰ ਹੈੱਡਾਂ ਅਧੀਨ ਅਤੇ ਕੈਪੀਟਲ ਖਰਚੇ ਨੂੰ ਰੈਵੀਨਿਊ ਮੇਜਰ ਹੈੱਡਾਂ ਅਧੀਨ ਬੁੱਕ ਕਰਵਾਇਆ ਜਾਂਦਾ ਹੈ। ਅਜਿਹਾ ਉਪਬੰਧ ਪੰਜਾਬ ਬਜਟ ਮੈਨੂਅਲ ਦੇ ਪੈਰ੍ਹਾਂ 1.3 ਦੇ ਅਨੁਕੂਲ ਨਹੀਂ ਹੈ। ਇਸ ਲਈ ਵਿਭਾਗਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਅਜਿਹੀਆਂ ਸਕੀਮਾਂ ਜਿਨ੍ਹਾਂ ਤੇ ਖਰਚ ਕਰਨ ਨਾਲ ਰਾਜ ਦੀ ਕੋਈ ਠੋਸ ਜਾਇਦਾਦ ਬਣਦੀ ਹੋਵੇ ਜਾਂ ਜਾਇਦਾਦ ਵਿੱਚ ਵਾਧਾ ਹੁੰਦਾ ਹੋਵੇ ਜਾਂ ਕਰਜ਼ਿਆਂ ਦੀ ਦੇਣਦਾਰੀ ਘੱਟ ਦੀ ਹੋਵੇ (ਉਦਾਹਰਨ ਦੇ ਤੋਰ ਤੇ ਐਸ.ਓ.ਈ.-52 Machinery and Equipment, ਐਸ.ਓ.ਈ 53-Major Works ਅਤੇ ਐਸ.ਓ.ਈ 57- Purchase of Transport Vehicles), ਸਬੰਧੀ ਬਜਟ ਉਪਬੰਧ ਕੈਪੀਟਲ ਮੇਜਰ ਹੈੱਡਾਂ ਅਧੀਨ ਕਰਵਾਇਆ ਜਾਵੇ ਤਾਂ ਜੋ ਰਾਜ ਦੇ ਪੂੰਜੀਗਤ ਖਰਚੇ ਦੀ ਸਹੀ ਤਸਵੀਰ ਸਾਹਮਣੇ ਆ ਸਕੇ।

9.2 ਇਸ ਤੋਂ ਇਲਾਵਾ ਕੁੱਝ ਵਿਭਾਗਾਂ ਵੱਲੋਂ ਰਾਜ ਸਰਕਾਰ ਜਾਂ ਇਸ ਦੀਆਂ ਏਜੰਸੀਆਂ ਤੋਂ ਲਏ ਗਏ ਕਰਜ਼ੇ ਦਾ ਉਪਬੰਧ ਰੈਵੀਨਿਊ ਹੈੱਡਾਂ ਅਧੀਨ ਕਰਵਾ ਲਿਆ ਜਾਂਦਾ ਹੈ ਪ੍ਰੰਤੂ ਅਜਿਹਾ ਕਰਨਾ ਵਿੱਤ ਵਿਭਾਗ ਵੱਲੋਂ ਜਾਰੀ ਕੀਤੀ ਗਈ " Classification of Major, Sub-Major, Minor and Sub Head" ਦੇ ਉਲਟ ਹੈ। **ਇਸ ਕਰਕੇ ਵਿਭਾਗਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਅੱਗੇ ਤੋਂ ਰਾਜ ਸਰਕਾਰ ਜਾਂ ਉਸਦੀਆਂ ਏਜੰਸੀਆਂ, ਕੇਂਦਰ ਸਰਕਾਰ ਜਾਂ ਉਸ ਦੀਆ ਏਜੰਸੀਆਂ ਤੋਂ ਲਏ ਗਏ ਕਰਜ਼ੇ ਅਤੇ ਉਸ ਕਰਜ਼ੇ ਤੇ ਵਿਆਜ਼ ਦੀ ਅਦਾਇਗੀ ਦਾ ਉਪਬੰਧ ਮੇਜਰ ਹੈੱਡ 6003-Internal debt of State Government , Major Head 6004- Loans and Advances from Central Government ਅਤੇ ਮੇਜਰ ਹੈੱਡ 2049-Interest Payment ਅਧੀਨ ਕ੍ਰਮਵਾਰ ਕਰਵਾਉਣ।**

(ੲ) ਆਮਦਨ ਬਜਟ

(C) Receipt Budget

10. ਆਮਦਨ ਬਜਟ ਦੇ ਅਨੁਮਾਨਾਂ ਲਈ ਖਰਚ ਬਜਟ ਦੇ ਕੇਸ ਵਾਂਗ ਨਿਮਨ ਖਾਨਿਆਂ ਦਾ ਉਪਬੰਧ ਹੈ:-

ੳ) ਪਿਛਲੇ ਵਿੱਤੀ ਸਾਲ ਦੀ ਅਸਲ ਆਮਦਨ ;

ਅ) ਚਾਲੂ ਵਿੱਤੀ ਸਾਲ ਦੇ ਮੂਲ ਆਮਦਨ ਅਨੁਮਾਨ ;

ੲ) ਚਾਲੂ ਵਿੱਤੀ ਸਾਲ ਦੇ ਸੋਧੇ ਆਮਦਨ ਅਨੁਮਾਨ ਅਤੇ

ਸ) ਆਉਂਦੇ ਸਾਲ ਲਈ ਤਜਵੀਜ਼ ਕੀਤੇ ਬਜਟ ਆਮਦਨ ਅਨੁਮਾਨ।

10.1 ਪਹਿਲੀ ਅਪ੍ਰੈਲ, 1987 ਤੋਂ ਲਾਗੂ ਵਰਗੀਕਰਣ ਦੇ ਨਵੇਂ ਢਾਂਚੇ ਮੁਤਾਬਿਕ ਸਬੰਧਤ ਵਿਭਾਗ ਲੇਖਿਆਂ ਦੀਆਂ ਨਿਮਨ ਮੱਦਾਂ ਅਧੀਨ ਚਾਲੂ ਵਿੱਤੀ ਸਾਲ ਅਤੇ ਨਵੇਂ ਬਜਟ ਲਈ ਵੀ ਮੁੜ ਮੁਲਾਂਕਣ ਕੀਤੇ ਸੋਧੇ ਅਨੁਮਾਨ ਵਿੱਤ ਵਿਭਾਗ ਨੂੰ ਭੇਜਣਗੇ ਅਰਥਾਤ:

0005 - Central Goods and Services Tax (CGST)

0006 - ਰਾਜ ਦੇ ਮਾਲ ਅਤੇ ਸੇਵਾਵਾਂ ਕਰ (State Goods and Services Tax- SGST)

0008 - Integrated Goods and Services Tax.

0029 - ਭੋਂ ਮਾਲੀਆਂ

0030 - ਅਸਟਾਮ ਅਤੇ ਰਜਿਸ਼ਟ੍ਰੇਸਨ

0039 - ਰਾਜ ਆਬਕਾਰੀ

0040 - ਵੈਟ/ਵਿਕਰੀ ਕਰ

0042 - ਵਸਤਾਂ ਅਤੇ ਮੁਸਾਫਰ ਕਰ

0043 - ਬਿਜਲੀ ਤੇ ਡਿਊਟੀ ਤੇ ਕਰ

0045 - ਵਸਤਾਂ ਅਤੇ ਸੇਵਾਵਾਂ ਤੇ ਡਿਊਟੀਆਂ ਤੇ ਕਰ

ਇਹ ਸਹੀ ਅੰਕੜੇ ਵਿੱਤ ਵਿਭਾਗ ਨੂੰ ਚਾਲੂ ਸਾਲ ਲਈ ਰਾਜ ਦੀ ਵਿੱਤੀ ਸਥਿਤੀ ਨੂੰ ਜਿੱਥੋਂ ਤੱਕ ਸੰਭਵ ਹੋਵੇ ਅਸਲ ਰੂਪ ਵਿੱਚ ਤਿਆਰ ਕਰਨ ਦੇ ਸਮਰੱਥ ਬਣਾਉਣ ਲਈ ਨਿਰਧਾਰਿਤ ਕੀਤੇ ਗਏ ਹਨ।

(ਸ) ਨਵੀਆਂ ਸਕੀਮਾਂ

(D) New Schemes

11. ਖਰਚੇ ਦੀਆਂ ਨਵੀਆਂ ਸਕੀਮਾਂ ਸਬੰਧੀ ਤਜਵੀਜ਼ਾਂ ਜੇਕਰ ਕੋਈ ਹੋਣ, **ਯੋਜਨਾਬੰਦੀ ਵਿਭਾਗ ਅਤੇ ਵਿੱਤ ਵਿਭਾਗ ਨੂੰ ਸਬੰਧਤ ਪ੍ਰਬੰਧਕੀ ਵਿਭਾਗ ਦੇ ਰਾਹੀਂ 10 ਦਸੰਬਰ, 2024 ਤੱਕ**

ਭੇਜ ਦਿੱਤੀਆਂ ਜਾਣ। ਇਹ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਇਹਨਾਂ ਮਿਤੀਆਂ ਤੇ ਸਖਤੀ ਨਾਲ ਦ੍ਰਿੜ ਰਿਹਾ ਜਾਵੇ ਤਾਂ ਜੋ ਬਜਟ ਤਿਆਰ ਕਰਨ ਲਈ ਆਮ ਪ੍ਰੋਗਰਾਮ ਸਮੇਂ ਸਿਰ ਸਿਰੇ ਚੜ ਸਕੇ।

12. ਪਿਛਲੇ ਸਮੇਂ ਦੌਰਾਨ ਆਮ ਕਰਕੇ ਇਹ ਵੇਖਣ ਵਿੱਚ ਆਇਆ ਹੈ ਕਿ ਨਵੇਂ ਖਰਚੇ ਦੀ ਅਨੁਸੂਚੀ ਦੇ ਵਿਆਖਿਆਤਮਕ ਮੈਮੋਰੰਡਮ ਕਈ ਮਾਮਲਿਆਂ ਵਿੱਚ ਵਿਭਾਗਾਂ ਦੁਆਰਾ ਨਾ ਤਾਂ ਤਿਆਰ ਕੀਤੇ ਜਾਂਦੇ ਹਨ ਅਤੇ ਨਾ ਹੀ ਉਨ੍ਹਾਂ ਦੀ ਉਚਿੱਤ ਤੌਰ ਤੇ ਛਾਣਬੀਣ ਕੀਤੀ ਜਾਂਦੀ ਹੈ। ਇਸ ਦੇ ਸਿੱਟੇ ਵਜੋ ਵਿੱਤ ਵਿਭਾਗ ਵਿੱਚ ਇਨ੍ਹਾਂ ਨੂੰ ਮੁੜ ਨਵਾਂ ਰੂਪ ਦੇਣਾ ਪੈਂਦਾ ਹੈ। ਕੁੱਝ ਮਾਮਲਿਆਂ ਵਿਚ ਮੈਮੋਰੰਡਮ ਖਾਕਾ ਨੁਮਾ ਹੁੰਦੇ ਹਨ ਅਤੇ ਬਜਟ ਵਿੱਚ ਸ਼ਾਮਲ ਕੀਤੀ ਜਾਣ ਵਾਲੀ ਤਜਵੀਜ਼ ਸਕੀਮ ਬਾਰੇ ਸਪੱਸ਼ਟ ਤੌਰ ਤੇ ਨਹੀਂ ਦੱਸਦੇ। ਕ੍ਰਿਪਾ ਕਰਕੇ ਇਹ ਯਕੀਨੀ ਬਣਾਇਆ ਜਾਵੇ ਕਿ ਬਜਟ ਸਬੰਧੀ ਦਸਤਾਵੇਜਾਂ ਲਈ ਮੈਟਰ, ਹਰੇਕ ਮਾਮਲੇ ਵਿੱਚ ਮੰਗ ਸਬੰਧੀ ਪੂਰੇ ਵੇਰਵੇ ਅਤੇ ਸਪੱਸ਼ਟੀਕਰਨ ਦੇਣ ਉਪਰੰਤ ਉਚਿੱਤ ਢੰਗ ਨਾਲ ਤਿਆਰ ਕੀਤੇ ਜਾਣ ਅਤੇ ਉਹਨਾਂ ਦਾ ਸੰਪਾਦਨ ਕੀਤਾ ਜਾਵੇ।

(ਹ) <u>ਬਜਟ ਕੈਲੰਡਰ</u>

(E) <u>Budget Calendar</u>

13. ਬਜਟ ਤਜਵੀਜ਼ਾਂ ਹਰ ਹਾਲਤ ਵਿੱਚ 1**0 ਦਸੰਬਰ , 2024** ਤੱਕ ਵਿੱਤ ਵਿਭਾਗ ਦੀਆਂ ਸਬੰਧਤ ਵਿੱਤ ਖਰਚਾ ਸ਼ਾਖਾਵਾਂ ਪਾਸ IFMS ਰਾਹੀਂ ਪਹੁੰਚ ਜਾਣੀਆਂ ਚਾਹੀਦੀਆਂ ਹਨ, ਕਿਉਂ ਜੋ ਵਿੱਤ ਵਿਭਾਗ ਨੂੰ ਰਾਜ ਵਿਧਾਨ ਸਭਾ ਅੱਗੇ ਬਜਟ ਸਬੰਧੀ ਤਜਵੀਜ਼ਾਂ ਪੇਸ਼ ਕਰਨ ਲਈ ਨਿਰਧਾਰਤ ਸਮੇਂ ਅਨੁਸਾਰ ਕੰਮ ਕਰਨਾ ਪੈਂਦਾ ਹੈ।

(ਕ) <u>ਅਨੁਪੂਰਕ ਅਨੁਮਾਨ</u>

(F) <u>Supplementary Estimates</u>

14.1 ਬਜਟ ਮੈਨੂਅਲ ਦੇ **<u>ਪੈਰ੍ਹਾ 14.16 ਤੋਂ 14.24 ਅਨੁਪੂਰਕ</u>** ਨਮਿੱਤਣ/ ਅਨੁਮਾਨਾਂ ਬਾਰੇ ਹਨ। ਇਨ੍ਹਾਂ ਪੈਰਿਆਂ ਵਿੱਚ ਦਰਸਾਈਆਂ ਅਗਵਾਈ ਲੀਹਾਂ ਨੂੰ ਧਿਆਨ ਵਿਚ ਰੱਖਦੇ ਹੋਏ ਅਨੁਪੂਰਕ ਅਨੁਮਾਨ 2024-25 ਦੇ ਤਿਆਰ ਕਰ ਲਏ ਜਾਣ।

<u>ਅਨੁਪੂਰਕ ਮੰਗਾਂ ਨਿਮਨ ਆਈਟਮਾਂ ਤੇ ਆਧਾਰਤ ਹੋਣੀਆਂ ਚਾਹੀਦੀਆਂ ਹਨ:-</u>

(ੳ) ਆਈਟਮਾਂ, ਜਿਨ੍ਹਾਂ ਲਈ ਪੰਜਾਬ **<u>ਅਚੇਤ ਫੰਡ</u>** ਵਿੱਚੋਂ ਕਰਜ਼ੇ ਦੀਆਂ ਰਕਮਾਂ ਕੱਢਵਾਈਆਂ ਗਈਆਂ ਹਨ: ਅਤੇ

(ਅ) ਖਰਚੇ ਦੀਆਂ ਕੋਈ ਹੋਰ ਆਈਟਮਾਂ ਜਿਨ੍ਹਾਂ ਸਬੰਧੀ ਅਨੁਪੂਰਕ ਮੰਗ ਵਿੱਚ ਉਪਬੰਧ ਕਰਨਾ ਲੋੜੀਂਦਾ ਹੈ।

ਇਸ ਸਾਲ ਦੌਰਾਨ ਅਪਣਾਈ ਕਿਸੇ ਵੀ ਨਵੀਂ ਸਕੀਮ ਸਬੰਧੀ ਪ੍ਰਵਾਨਤ ਉਪਬੰਧ ਜਾ ਬਜਟ ਉਪਬੰਧ ਤੋਂ ਇਲਾਵਾ ਉਪਬੰਧਿਤ ਵਧੀਕ ਫੰਡਾਂ ਨੂੰ ਅਨੁਪੂਰਕ ਅਨੁਮਾਨਾਂ ਵਿੱਚ ਸ਼ਾਮਲ ਕਰ ਲਿਆ ਜਾਵੇ।

14.2 ਅਨੁਪੂਰਕ ਮੰਗਾਂ ਦੁਆਰਾ ਕਵਰ ਕੀਤੇ ਜਾਣ ਵਾਲੇ ਵਾਧੂ ਰਕਮ ਦੇ ਮਾਮਲੇ ਜਾਂ ਖਰਚ ਦੀਆਂ ਉਹ ਆਈਟਮਾਂ ਜਿਹਨਾਂ ਲਈ ਵਿਧਾਨ ਸਭਾ ਦੀ ਪ੍ਰਵਾਨਗੀ ਲੋੜੀਂਦੀ ਹੈ, ਦੇ ਸਬੰਧ ਵਿੱਚ ਵਿਭਾਗ ਦੇ ਮੁੱਖੀਆਂ ਦੁਆਰਾ ਸਬੰਧਤ ਪ੍ਰਬੰਧਕੀ ਸਕੱਤਰ ਦੇ ਜ਼ਰੀਏ ਵਿੱਤ ਵਿਭਾਗ ਨੂੰ ਅਨੁਪੂਰਕ ਮੰਗਾਂ ਦੀਆਂ ਤਜਵੀਜਾਂ ਭੇਜੀਆਂ ਜਾਣਗੀਆਂ।

14.3 ਅਨੁਪੂਰਕ ਨਮਿੱਤਣ ਲਈ ਤਜਵੀਜਾਂ ਭੇਜਣ ਤੋਂ ਪਹਿਲਾਂ ਪ੍ਰਬੰਧਕੀ ਵਿਭਾਗ ਪੂਰੀ ਤਰ੍ਹਾਂ ਜਾਂਚ ਪੜਤਾਲ ਕਰ ਲੈਣ ਕਿ ਸਧਾਰਣ ਬੱਚਤ ਵਿੱਚੋਂ ਜਾਂ ਵਿਸ਼ੇਸ਼ ਬੱਚਤ ਕਰਨ ਰਾਹੀਂ ਜਾਂ ਗਰਾਂਟਾਂ ਦੀਆਂ ਹੋਰਨਾਂ ਮੱਦਾਂ ਅਧੀਨ ਖਰਚ ਵਿੱਚ ਕਟੌਤੀ ਕਰਨ ਰਾਹੀਂ ਵਧੀਕ ਖਰਚ ਦੀ ਪੂਰਤੀ ਨਹੀਂ ਕੀਤੀ ਜਾ ਸਕਦੀ। ਉਹ ਇਹ ਗੱਲ ਵੀ ਧਿਆਨ ਵਿੱਚ ਰੱਖਣ ਕਿ ਜੇਕਰ ਸਾਲ ਦੇ ਅੰਤ ਅਤੇ ਬਾਅਦ ਵਿੱਚ ਇਸ ਤਰ੍ਹਾਂ ਪ੍ਰਾਪਤ ਕੀਤੀ ਗਈ ਕੋਈ ਅਨੁਪੂਰਕ ਗਰਾਂਟ ਗੈਰ ਜ਼ਰੂਰੀ ਪਾਈ ਜਾਂਦੀ ਹੈ ਤਾਂ ਉਸ ਨੂੰ ਵਿੱਤੀ ਬੇਕਾਇਦਗੀ ਮੰਨਿਆ ਜਾਵੇਗਾ ਅਤੇ ਮਹਾਂਲੇਖਾਕਾਰ ਨਮਿੱਤਣ ਲੇਖੇ ਬਾਰੇ ਆਪਣੀ ਆਡਿਟ ਰਿਪੋਰਟ ਵਿੱਚ ਇਸ ਦਾ ਜ਼ਿਕਰ ਕਰਨਗੇ ਅਤੇ ਸਬੰਧਤ ਪ੍ਰਬੰਧਕੀ ਵਿਭਾਗ ਨੂੰ ਸਰਕਾਰੀ ਲੇਖਿਆਂ ਸਬੰਧੀ ਕਮੇਟੀ ਨੂੰ ਇਸ ਬਾਰੇ ਸਪੱਸ਼ਟੀਕਰਣ ਦੇਣਾ ਹੋਵੇਗਾ।

14.4 **ਵਿੱਤ ਵਿਭਾਗ ਵੱਲੋਂ ਸੋਧੇ ਅਨੁਮਾਨ 2024-25 ਜਾਰੀ ਕਰਨ ਉਪਰੰਤ ਦੋ ਦਿਨਾਂ ਦੇ ਅੰਦਰ ਅੰਦਰ** ਸਮੂਹ ਵਿਭਾਗਾਂ ਦੇ ਮੁੱਖੀ ਆਪਣੀ ਆਪਣੀ ਅਨੁਪੂਰਕ ਮੰਗ ਦੀ ਤਜਵੀਜ਼ ਆਪਣੀ ਮੰਗ ਨਾਲ ਸਬੰਧਤ ਨੋਡਲ ਅਫ਼ਸਰ ਨੂੰ ਭਿਜਵਾਉਣ ਅਤੇ ਨੋਡਲ ਅਫ਼ਸਰ ਆਪਣੀ ਮੰਗ ਵਿੱਚ ਸ਼ਾਮਲ ਸਮੂਹ ਵਿਭਾਗਾਂ ਦੀ ਅਨੁਪੂਰਕ ਮੰਗ ਸਬੰਧੀ ਤਜਵੀਜ਼ ਸੰਕਲਿਤ ਕਰਕੇ ਆਪਣੇ ਪ੍ਰਬੰਧਕੀ ਵਿਭਾਗ ਨੂੰ ਭੇਜਣ। ਪ੍ਰਬੰਧਕੀ ਵਿਭਾਗ ਅਗਲੇ ਦੋ ਦਿਨਾਂ ਦੇ ਅੰਦਰ ਅੰਦਰ ਇਨ੍ਹਾਂ ਤਜਵੀਜ਼ਾਂ ਨੂੰ ਸਹੀ ਤਰ੍ਹਾਂ ਘੋਖ ਕੇ ਆਪਣੀਆਂ ਸ਼ਿਫਾਰਸਾਂ ਸਮੇਤ ਸਬੰਧਤ ਵਿੱਤ ਖਰਚਾ ਸ਼ਾਖਾਵਾਂ ਨੂੰ ਭਿਜਵਾਉਣ ਦੀ ਖੇਚਲ ਕਰਨ। ਇਹ ਤਜਵੀਜ਼ਾਂ ਵਿੱਤ ਵਿਭਾਗ ਨੂੰ ਕਿਸੇ ਵੀ ਹਾਲਾਤ ਵਿਚ **10 ਫਰਵਰੀ, 2025** ਤੋਂ ਲੇਟ ਨਾ ਭੇਜੀਆਂ ਜਾਣ।

14.5 ਅਨੁਪੂਰਕ ਅਨੁਮਾਨਾਂ ਦੇ ਆਧਾਰ ਤੇ IFMS ਵਿੱਚੋਂ ਅਨੁਪੂਰਕ ਮੰਗਾਂ ਤਿਆਰ ਕਰਨ ਦਾ ਉਪਬੰਧ ਕੀਤਾ ਗਿਆ ਹੈ। ਵਿਭਾਗਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਵਿੱਤ ਵਿਭਾਗ ਵੱਲੋਂ ਸੋਧੇ ਅਨੁਮਾਨ ਦੀਆਂ ਤਜਵੀਜਾਂ ਪ੍ਰਵਾਨ ਕਰਨ ਉਪਰੰਤ ਅਨੁਲੱਗ-3 ਅਤੇ 4 ਅਨੁਸਾਰ ਸਰਟੀਫਿਕੇਟ ਦਾ ਪ੍ਰਿੰਟ ਆਊਟ ਲੈ ਕੇ, ਪ੍ਰਵਾਣਿਤ ਕਰਕੇ ਵਿੱਤ ਵਿਭਾਗ ਨੂੰ **10 ਫਰਵਰੀ, 2025** ਤੱਕ ਭੇਜਣਾ ਯਕੀਨੀ ਬਣਾਇਆ ਜਾਵੇ।

14.6 ਜਿਸ ਮਨੋਰਥ ਲਈ ਰਕਮ ਮੁਹੱਈਆ ਕੀਤੀ ਗਈ ਹੋਵੇ ਉਸ ਮਨੋਰਥ ਲਈ ਰਕਮ ਖਰਚ ਹੋ ਜਾਣ ਦੀ ਪੁਸ਼ਟੀ, ਵਿਭਾਗ ਨੂੰ ਉਸ ਰਕਮ ਦੀ ਪ੍ਰਵਾਨਗੀ ਪ੍ਰਾਪਤ ਹੋਣ ਦੇ **15 ਦਿਨਾਂ ਦੇ ਅੰਦਰ** ਜਾਂ **31 ਮਾਰਚ, 2025** ਤੱਕ ਵਿੱਚੋਂ ਜੋ ਮਿਤੀ ਵੀ ਪਹਿਲਾਂ ਹੋਵੇ ਤੱਕ, ਵਿੱਤ ਵਿਭਾਗ ਨੂੰ ਭੇਜ ਦਿੱਤੀ ਜਾਵੇ।

14.7 ਰੀ-ਐਪਰੋਪਰੀਏਸ਼ਨ ਅਤੇ ਰੀਐਪਰੋਪਰੀਏਸ਼ਨ ਆਰਡਰਾਂ ਸਬੰਧੀ:

ਬਜਟ ਮੈਨੂਅਲ ਦਾ ਪੈਰਾ ਨੰ: 14.4 ਰੀ-ਐਪਰੋਪਰੀਏਸ਼ਨ ਸਬੰਧੀ ਹਦਾਇਤਾਂ ਦਾ ਉਪਬੰਧ ਕਰਦਾ ਹੈ। ਰੀ-ਐਪਰੋਪਰੀਏਸ਼ਨ ਤੋਂ ਭਾਵ ਇੱਕ ਗ੍ਰਾਂਟ ਦੇ ਅੰਦਰ ਇੱਕ ਯੂਨਿਟ ਤੋਂ ਦੂਜੇ ਯੂਨਿਟ ਵਿੱਚ ਫੰਡ ਨੂੰ ਟਰਾਂਸਫਰ ਕਰਨ ਨਾਲ ਹੈ, ਇਹ ਉਦੋਂ ਹੀ ਮੁਮਕਿਨ ਹੈ ਜਦੋਂ ਇਹ ਪਤਾ ਹੋਵੇ ਕਿ ਜਿਸ ਯੂਨਿਟ ਤੋਂ ਫੰਡ ਟਰਾਂਸਫਰ ਕੀਤੇ ਜਾ ਰਹੇ ਹਨ ਉੱਥੇ ਮੌਜੂਦ ਫੰਡ ਪੂਰੇ ਖਰਚੇ ਨਹੀਂ ਜਾਣਗੇ ਅਤੇ ਅੰਤ ਵਿਚ ਬਚੱਤ ਉਸ ਐਪਰੋਪਰੀਏਸ਼ਨ ਨੂੰ ਇਫੇਕਟ ਕਰੇਗੀ। ਇਸ ਲਈ ਜਦੋਂ ਵੀ ਕਿਸੇ ਵਿਭਾਗ ਨੂੰ ਵਾਧੂ ਫੰਡ ਦੀ ਲੋੜ ਪੈਂਦੀ ਹੈ ਤਾਂ ਉਸ ਵਿਭਾਗ ਨੂੰ ਸਭ ਤੋਂ ਪਹਿਲਾ ਬਜਟ ਮੈਨੁਅੱਲ ਦੇ ਪੈਰਾ ਨੰ: 14.4 ਤੋਂ 14.9 ਤੱਕ ਦੇ ਉਪਬੰਧਾਂ ਅਨੁਸਾਰ ਕਾਰਵਾਈ ਕਰਨੀ ਚਾਹੀਦੀ ਹੈ। ਇਸ ਲਈ ਸਮੂਹ ਵਿਭਾਗਾਂ ਨੂੰ ਵਾਧੂ ਬਜਟ ਦੀਆਂ ਤਜਵੀਜਾਂ ਭੇਜਣ ਤੋਂ ਪਹਿਲਾ ਬਜਟ ਮੈਨੁਅੱਲ ਦੇ ਪੈਰਾ 14.4 ਤੋਂ 14.9 ਤੱਕ ਦੇ ਉਪਬੱਧਾਂ ਅਨੁਸਾਰ ਕੇਸ ਨੂੰ ਵਿਚਾਰਨਾ ਚਾਹੀਦਾ ਹੈ।

2. ਇਸ ਤੋਂ ਇਲਾਵਾ ਮਹਾਂਲੇਖਾਕਾਰ, ਪੰਜਾਬ ਵੱਲੋਂ ਵਿੱਤ ਵਿਭਾਗ ਨੂੰ ਬਾਰ ਬਾਰ ਸੂਚਿਤ ਕੀਤਾ ਜਾਂਦਾ ਹੈ ਕਿ ਪ੍ਰਬੰਧਕੀ ਵਿਭਾਗਾਂ ਵੱਲੋਂ ਸਬਮਿਟ ਕੀਤੇ ਜਾਣ ਵਾਲੇ ਰੀ ਐਪਰੋਪਰੀਏਸ਼ਨ ਆਰਡਰਾਂ ਵਿੱਚ ਬਹੁਤ ਖਾਮੀਆਂ ਹੁੰਦੀਆਂ ਹਨ ਅਤੇ ਇਹ ਪੰਜਾਬ ਬਜਟ ਮੈਨੂਅਲ ਦੇ ਪੈਰਾ ਨੰਬਰ 13.7 ਅਨੁਸਾਰ ਨਹੀਂ ਹੁੰਦੇ ਹਨ। ਇਸ ਲਈ ਸਮੂਹ ਪ੍ਰਬੰਧਕੀ ਸਕੱਤਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਰੀ-ਐਪਰੋਪਰਏਸ਼ਨ ਆਰਡਰ ਤਿਆਰ ਕਰਵਾਉਣ ਸਮੇਂ ਪੰਜਾਬ ਬਜਟ ਮੈਨੂਅਲ ਦੇ ਪੈਰਾ ਨੰਬਰ 13.7 ਵਿੱਚ ਦਰਜ ਗਾਈਡਲਾਈਨਜ ਨੂੰ ਧਿਆਨ ਵਿੱਚ ਰੱਖਿਆ ਜਾਵੇ ਅਤੇ ਐਪ੍ਰੋਪੀਏਸ਼ਨ ਆਰਡਰ ਮਹਾਂਲੇਖਾਕਾਰ, ਪੰਜਾਬ ਵੱਲੋਂ ਨਿਰਧਾਰਿਤ ਕੀਤੇ ਸਮੇਂ ਤੋਂ ਪਹਿਲਾ ਪਹਿਲਾਂ ਆਪਣੀ ਸਬੰਧਤ ਵਿੱਤ ਖਰਚਾ ਸ਼ਾਖਾ ਤੋਂ authenticate ਕਰਵਾਕੇ ਦਸਤੀ ਮਹਾਂਲੇਖਾਕਾਰ, ਪੰਜਾਬ ਨੂੰ ਭਿਜਵਾਉਣੇ ਅਤੇ ਮਹਾਂਲੇਖਾਕਾਰ, ਪੰਜਾਬ ਦਫਤਰ ਵਿਖੇ ਰੀਕੰਨਸੀਲੇਸ਼ਨ ਕਰਵਾਉਣੀ ਵੀ ਯਕੀਨੀ ਬਣਾਈ ਜਾਵੇ।

15. **<u>Fiscal Responsibility and Budget Management Act, 2003 ਦੀ ਪਾਲਣਾ ਕਰਨ ਸਬੰਧੀ</u>:-**

Punjab Fiscal Responsibility and Budget Management Act, 2003 ਦੇ ਸਬ ਸੈਕਸ਼ਨ (2) ਆਫ਼ ਸੈਕਸ਼ਨ 7 ਦੀ ਪਾਲਣਾ ਵਿੱਚ ਪੰਜਾਬ ਸਰਕਾਰ ਵੱਲੋਂ ਆਪਣੇ ਪੱਤਰ ਨੰ: G.S.R.73/P.A11/2003/S.7/2018 dated 27-9-2018 ਰਾਹੀਂ Punjab Fiscal Responsibility

and Budget Management Rules, 2018 ਜਾਰੀ ਕੀਤੇ ਗਏ ਹਨ। ਇਨ੍ਹਾਂ ਰੂਲਾਂ ਦੇ ਸਬ ਰੂਲ 5 ਅਧੀਨ ਹੇਠ ਲਿਖੇ ਅਨੁਸਾਰ ਉਪਬੰਧ ਕੀਤਾ ਗਿਆ ਹੈ:-

5. **Medium Term Expenditure Framework-**

The State Government may issue appropriate directions, as it deems fit, to any or all of its departments for the preparation of Medium Term Expenditure Framework providing for expected expenditure growth over 3-5 years. The framework shall include the measures contemplated by the department to rationalize its expenditure and reduce its expenditure.

(2) The concerned department shall, after the approval of its Medium Term Expenditure Framework by the State Government, ensure its implementation in the time period defined in the framework.

(3) The concerned department shall, in case of its failure to implement the Medium Term Expenditure Framework in the defined timeline, cause to lay a report before the State Legislature, containing reasons thereof for its failure and plan to achieve the said remaining targets and the time Period to achieve it within one year of the completion of time period of the said Medium Term Expenditure Framework. The report shall specifically contain the comments of the State Government and action taken/proposed to be taken by the department, if any, on such comments.

(4) The State Government may, if it deems fit, advise any or all of its departments to prioritise **gender, weaker sections** based budgeting in its Medium Term **Expenditure Framework.**

ਸਮੂਹ ਪ੍ਰਬੰਧਕੀ ਵਿਭਾਗਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ Punjab Fiscal Responsibility and Budget Management Rules, 2018 ਦੇ ਉਕਤ ਉਪਬੰਧਾਂ ਦੀ ਪਾਲਣਾ ਕੀਤੀ ਜਾਵੇ ਜੀ।

(ਘ) ਰਾਜ ਯੋਜਨਾ ਸਕੀਮਾਂ ਅਤੇ ਕੇਂਦਰੀ ਸਹਾਇਤਾ ਸਕੀਮਾਂ ਲਈ ਦਸਤਾਵੇਜ਼
(G) Separate Documents for State Schemes, Projects etc., and Central Assistance Schemes

16. **ਕੇਂਦਰੀ ਸਹਾਇਤਾ** ਪ੍ਰਾਪਤ ਸਕੀਮਾਂ ਦਾ ਬਜਟ ਵੀ ਦੂਜੀਆਂ ਸਕੀਮਾਂ ਵਾਂਗ ਹੀ NIC ਵੱਲੋਂ ਤਿਆਰ ਕੀਤੇ IFMS ਰਾਹੀਂ ਆਨ-ਲਾਈਨ ਤਜਵੀਜ਼ ਕੀਤਾ ਜਾਵੇਗਾ। **ਸਬੰਧਤ ਪ੍ਰਬੰਧਕੀ ਵਿਭਾਗ** ਇਹ ਯਕੀਨੀ ਬਣਾਉਣਗੇ ਕਿ ਕੇਂਦਰੀ ਸਹਾਇਤਾ ਪ੍ਰਾਪਤ ਸਕੀਮਾਂ ਦਾ ਬਜਟ IFMS ਰਾਹੀਂ ਆਨ ਲਾਈਨ ਤਜਵੀਜ਼ ਕੀਤਾ ਗਿਆ ਹੈ।

17. ਕੇਂਦਰੀ ਸਹਾਇਤਾ ਪ੍ਰਾਪਤ ਅਤੇ ਕੈਪੀਟਲ ਖਰਚੇ ਸੈਂਟਰਲੀ ਸਪਾਂਸਰਡ ਸਕੀਮਾਂ ਦਾ ਬਜਟ, ਸਟੇਟ ਸਕੀਮਾਂ ਦਾ ਬਜਟ, ਨਾਬਾਰਡ ਪ੍ਰੋਜੈਕਟਾਂ ਅਤੇ ਦੂਸਰੇ ਕੈਪੀਟਲ ਪ੍ਰੋਜੈਕਟਾਂ ਸਬੰਧੀ ਸਕੀਮਾਂ ਆਦਿ ਦਾ ਬਜਟ ਪਿਛਲੇ ਸਾਲਾਂ ਦੀ ਤਰ੍ਹਾਂ ਯੋਜਨਾਬੰਦੀ ਵਿਭਾਗ ਵੱਲੋਂ ਤਿਆਰ ਕੀਤਾ ਜਾਵੇਗਾ।

17.1 ਭਾਰਤ ਸਰਕਾਰ ਦੀਆਂ ਗਾਈਡਲਾਈਨਜ਼ ਦੇ ਆਧਾਰ ਤੇ ਪਲਾਨ ਅਤੇ ਨਾਨ ਪਲਾਨ ਮਰਜ਼ ਕਰ ਦਿੱਤਾ ਗਿਆ ਹੈ। ਜਿਸ ਕਰਕੇ ਹੁਣ ਕੈਪੀਟਲ ਅਤੇ ਰੈਵੀਨਿਊ ਦੇ ਰੂਪ ਵਿੱਚ ਕੇਵਲ ਇੱਕ ਹੀ ਬਜਟ ਤਿਆਰ ਕੀਤਾ ਜਾਂਦਾ ਹੈ। ਜਿਵੇਂ ਰਾਜ ਦਾ ਸੈਂਟਰਲੀ ਸਪਾਂਸਰਡ ਸਕੀਮਾਂ ਦਾ ਬਜਟ, ਸਟੇਟ ਸਕੀਮਾਂ ਦਾ ਬਜਟ, ਨਾਬਾਰਡ ਪ੍ਰੋਜੈਕਟਾਂ ਅਤੇ ਦੂਸਰੇ ਕੈਪੀਟਲ ਪ੍ਰੋਜੈਕਟਾਂ ਸਬੰਧੀ ਬਜਟ ਪਹਿਲਾਂ ਯੋਜਨਾਬੰਦੀ ਵਿਭਾਗ ਵੱਲੋਂ ਤਿਆਰ ਕੀਤਾ ਜਾਂਦਾ ਸੀ, ਉਸੇ **ਤਰ੍ਹਾਂ ਹੀ ਹੁਣ ਵੀ ਰਾਜ ਦਾ ਸੈਂਟਰਲੀ ਸਪਾਂਸਰਡ ਸਕੀਮਾਂ ਦਾ ਬਜਟ , ਸਟੇਟ ਸਕੀਮਾਂ ਦਾ ਬਜਟ, ਨਾਬਾਰਡ ਪ੍ਰੋਜੈਕਟਾਂ ਅਤੇ ਦੂਸਰੇ ਕੈਪੀਟਲ ਪ੍ਰੋਜੈਕਟਾਂ ਸਬੰਧੀ ਬਜਟ ਯੋਜਨਾਬੰਦੀ ਵਿਭਾਗ ਵੱਲੋਂ ਤਿਆਰ ਕੀਤਾ ਜਾਵੇਗਾ।** ਪਹਿਲਾਂ ਦੀ ਤਰ੍ਹਾਂ ਯੋਜਨਾਬੰਦੀ ਵਿਭਾਗ ਵੱਲੋਂ ਪ੍ਰਬੰਧਕੀ ਵਿਭਾਗ ਤੋਂ ਬਜਟ ਮੰਗਵਾ ਕੇ ਉਸ ਸਬੰਧੀ ਪ੍ਰਬੰਧਕੀ ਵਿਭਾਗਾਂ ਨਾਲ ਮੀਟਿੰਗਾਂ ਕੀਤੀਆਂ ਜਾਣਗੀਆਂ ਅਤੇ ਬਜਟ ਫਾਈਨਲ ਕੀਤਾ ਜਾਵੇਗਾ। ਉਸ ਸਬੰਧੀ ਬਣਦਾ **ਐਸ.ਸੀ.ਐਸ.ਪੀ. ਕੰਪੋਨੈਂਟ ਸਮੇਤ ਬਜਟ ਦੀ ਫਾਈਨਲ ਫਿਗਰ ਵੀ ਡਿਸਾਇਡ ਕਰਕੇ ਯੋਜਨਾਬੰਦੀ ਵਿਭਾਗ ਵੱਲੋਂ ਮਿਤੀ 10-01-2025 ਤੱਕ ਵਿੱਤ ਵਿਭਾਗ ਨੂੰ ਭੇਜੀ ਜਾਵੇਗੀ। ਇਸ ਤੋਂ ਇਲਾਵਾ ਵਿੱਤ ਮੰਤਰੀ ਜੀ ਦੀ ਬਜਟ ਸਪੀਚ ਲਈ ਡਿਵੈਲਪਮੈਂਟ ਬਜਟ ਅਤੇ ਹੋਰ ਸਮੱਗਰੀ ਯੋਜਨਾਬੰਦੀ ਵਿਭਾਗ ਵੱਲੋਂ ਪਹਿਲਾਂ ਦੀ ਤਰ੍ਹਾਂ ਡਾਇਰੈਕਟੋਰੇਟ ਆਫ ਵਿੱਤੀ ਸਾਧਨ ਅਤੇ ਆਰਥਿਕ ਜਾਣਕਾਰੀ ਪੰਜਾਬ ਨੂੰ ਮੁਹੱਈਆ ਕਰਵਾਈ ਜਾਵੇਗੀ।**

17.2 <u>Gender Budget Document:-</u>

ਵਿੱਤੀ ਸਾਲ 2024-25 ਦਾ Gender budget Document ਸਮਾਜਿਕ ਸੁਰੱਖਿਆਂ ਇਸਤਰੀ ਤੇ ਬਾਲ ਵਿਕਾਸ ਵਿਭਾਗ ਵਲੋਂ ਤਿਆਰ ਕੀਤਾ ਗਿਆ ਹੈ। ਉਸੇ ਤਰ੍ਹਾਂ ਵਿੱਤੀ ਸਾਲ 2025-2026 ਦਾ Gender budget Document ਸਮਾਜਿਕ ਸੁਰੱਖਿਆਂ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਵਲੋਂ ਤਿਆਰ ਕਰਕੇ ਵਿੱਤ ਵਿਭਾਗ ਨੂੰ ਭੇਜਿਆ ਜਾਵੇਗਾ।

17.3 <u>State Research and Development Budget:</u>

ਭਾਰਤ ਸਰਕਾਰ ਵਲੋਂ ਰਾਜ ਸਰਕਾਰ ਨੂੰ ਰਿਸਰਚ ਅਤੇ ਡਿਵੈਲਪਮੈਂਟ ਬਜਟ ਸਬੰਧੀ ਇਕ ਵੱਖਰਾ ਦਸਤਾਵੇਜ ਤਿਆਰ ਕਰਨ ਲਈ ਕਿਹਾ ਗਿਆ ਹੈ। ਇਸ ਸਬੰਧ ਵਿੱਚ ਵਿੱਤੀ ਸਾਲ 2025-26 ਲਈ ਰਾਜ ਸਰਕਾਰ ਵੱਲੋਂ ਰਿਸਰਚ ਅਤੇ ਡਿਵੈਲਪਮੈਂਟ ਬਜਟ ਤਿਆਰ ਕੀਤਾ ਜਾਣਾ ਹੈ। ਵਿੱਤ ਵਿਭਾਗ ਵੱਲੋਂ ਸਾਲ 2023-24 ਦੌਰਾਨ ਇਹ ਕਾਰਵਾਈ ਅਰੰਭੀ ਗਈ ਸੀ ਅਤੇ ਵਿੱਤ ਵਿਭਾਗ ਮਿਤੀ

07.11.2023 ਰਾਹੀਂ ਸਾਇੰਸ ਤਕਨਾਲੋਜੀ ਤੇ ਵਾਤਾਵਰਣ ਵਿਭਾਗ ਨੂੰ ਨੋਡਲ ਵਿਭਾਗ ਬਣਾਈਆ ਗਿਆ ਸੀ। ਨੋਡਲ ਵਿਭਾਗ ਵੱਲੋਂ ਸਮੂਹ ਵਿਭਾਗਾਂ ਨੂੰ ਦਿੱਤੇ ਗਏ ਬਜਟ, ਉਹਨਾਂ ਦੇ ਆਪਣੇ ਬਜਟਰੀ ਰਿਸੋਰਸ ਆਦਿ ਤੋਂ ਰਿਸਰਚ ਅਤੇ ਡਿਵੈਲਪਮੈਂਟ ਐਕਟੀਵਿਟੀ ਤੇ ਕੀਤੇ ਖਰਚੇ ਨੂੰ ਕੰਮਪਾਇਲ ਕੀਤਾ ਜਾਵੇਗਾ ਅਤੇ ਬਜਟ ਦਸਤਾਵੇਜ਼ਾਂ ਦੇ ਨਾਲ ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕਰਵਾਉਣ ਲਈ ਵਿੱਤ ਵਿਭਾਗ ਨੂੰ ਭੇਜਿਆ ਜਾਵੇਗਾ। ਇਸ ਲਈ ਸਮੂਹ ਪ੍ਰਬੰਧਕੀ ਵਿਭਾਗਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜਦੋਂ ਉਹ ਆਪਣਾ ਸਕੀਮਾਂ /ਪ੍ਰੋਜੈਕਟਾਂ ਸਬੰਧੀ ਬਜਟ ਤਜਵੀਜਾਂ ਤਿਆਰ ਕਰਨਗੇ ਤਾਂ ਉਹ ਇਸ ਦੇ ਨਾਲ ਰਿਸਰਚ ਅਤੇ ਡਿਵੈਲਪਮੈਂਟ ਸਬੰਧੀ ਸੂਚਨਾ ਆਪਣੀ ਸਬੰਧਤ ਵਿੱਤ ਖਰਚਾ ਸ਼ਾਖਾ ਤੋਂ ਵੈਟ ਕਰਵਾਕੇ ਸਾਇੰਸ ਤਕਨਾਲੋਜੀ ਤੇ ਵਾਤਾਵਰਣ ਵਿਭਾਗ ਨੂੰ ਮੁਹੱਈਆਂ ਕਰਵਾਉਂਣ। ਵਿਭਾਗਾਂ ਵੱਲੋਂ ਸੋਧੇ ਅਨੁਮਾਨ 2024-25 ਅਤੇ ਬਜਟ ਅਨੁਮਾਨ 2025-26 ਦੇ ਅਧਾਰ ਤੇ ਰਿਸਰਚ ਅਤੇ ਡਿਵੈਲਪਮੈਂਟ ਬਜਟ ਸਬੰਧੀ ਦਸਤਾਵੇਜ ਦੀ ਸੂਚਨਾ ਸਾਇੰਸ ਤਕਨਾਲੋਜੀ ਤੇ ਵਾਤਾਵਰਣ ਵਿਭਾਗ ਨੂੰ ਉਪਲੱਬਧ ਕਰਵਾਈ ਜਾਵੇ।

17.4 Performance Budget ਰਾਜ ਸਰਕਾਰ ਸਾਲ 2024-25 ਦੇ ਸੋਧੇ ਅਨੁਮਾਨ ਅਤੇ ਵਿੱਤੀ ਸਾਲ ਸਾਲ 2025-26 ਦੇ ਬਜਟ ਅਨੁਮਾਨ ਵਿਭਾਗਾਂ ਦੀ ਪ੍ਰੋਜੈਕਟਾਂ/ਸਕੀਮਾਂ ਵਿੱਚ ਹੋਈ ਪਫਾਰਮੈਂਸ ਨੂੰ ਦੇਖਦੇ ਹੋਏ ਤਿਆਰ ਕੀਤਾ ਜਾਣਾ ਹੈ। ਰਾਜ ਸਰਕਾਰ ਵੱਲੋਂ ਪੰਜਾਬ ਡਿਵੈਲਪਮੈਂਟ ਕਮਿਸ਼ਨ ਦੀ ਸਥਾਪਨਾ ਕੀਤੀ ਗਈ ਹੈ। ਉਹਨਾਂ ਵੱਲੋਂ ਰਾਜ ਸਰਕਾਰ ਦੀਆਂ ਪਾਲਿਸ਼ੀਜ, ਮਾਲੀਆਂ ਅਤੇ ਬੇਲੋੜੇ ਖਰਚੇ ਨੂੰ ਘਟਾਉਣ ਸਬੰਧੀ ਮਾਮਲੇ ਰਿਵਿਊ ਕੀਤਾ ਜਾਦਾ ਹੈ। ਇਸ ਲਈ ਸਮੂਹ ਪ੍ਰਬੰਧਕੀ ਵਿਭਾਗਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜਦੋਂ ਉਹ ਆਪਣਾ ਸਕੀਮਾਂ /ਪ੍ਰੋਜੈਕਟਾਂ ਸਬੰਧੀ ਬਜਟ ਤਜਵੀਜਾਂ ਤਿਆਰ ਕਰਨਗੇ ਤਾਂ ਉਹ ਇਸ ਦੇ ਨਾਲ ਵਿਭਾਗਾਂ ਵੱਲੋਂ ਰਸੀਟ ਦੀਆਂ ਪ੍ਰਾਪਤੀਆਂ/ਬੇਲੋੜੇ ਖਰਚੇ ਨੂੰ ਘੱਟਾਉਣ ਸਬੰਧੀ ਉਪਲੱਬਧਦੀਆਂ/ਵਿਭਾਗ ਦੀਆਂ ਹੋਰ ਪ੍ਰਾਪਤੀਆਂ ਆਦਿ ਦੀ ਸੂਚਨਾ ਪੰਜਾਬ ਡਿਵੈਲਪਮੈਂਟ ਕਮਿਸ਼ਨ ਅਤੇ ਡਾਇਰੈਕਟੋਰੇਟ ਵਿੱਤੀ ਸਾਧਨ ਅਤੇ ਆਰਥਿਕ ਜਾਣਕਾਰੀ ਵਿਭਾਗ ਨੂੰ ਮੁਹੱਈਆਂ ਕਰਵਾਉਂਣਾ ਯਕੀਨੀ ਬਣਾਉਣ।

18. ਰਾਜ ਸਰਕਾਰ ਦੇ ਵੱਖ ਵੱਖ ਵਿਭਾਗਾਂ ਨੇ ਆਪਣੇ ਅਧੀਨ ਲੋਕ ਖੇਤਰੀ ਅਦਾਰਿਆਂ/ ਬੋਰਡਾਂ/ਕਾਰਪੋਰੇਸ਼ਨਾਂ/ਅਪੈਕਸ ਕਾਰਪੋਰੇਸ਼ਨਾਂ ਨੂੰ ਕਰਜੇ ਅਤੇ ਹਿੱਸਾ-ਪੱਤੀ ਪੂੰਜੀ (Loans & Share Capital) ਦੇ ਰੂਪ ਵਿੱਚ ਰਾਸ਼ੀ ਪ੍ਰਦਾਨ ਕੀਤੀ ਹੋਈ ਹੈ ਪ੍ਰੰਤੂ ਸਬੰਧਤ ਅਦਾਰਿਆਂ ਵੱਲੋਂ ਇਸ ਪੂੰਜੀ ਤੇ ਬਣਦਾ ਵਿਆਜ਼ ਅਤੇ ਲਾਭਅੰਸ਼ ਤੇ ਲਾਭ (Interest & Dividend & Profit) ਦੀ ਅਦਾਇਗੀ ਰਾਜ ਸਰਕਾਰ ਨੂੰ ਨਹੀਂ ਕੀਤੀ ਜਾ ਰਹੀ ਹੈ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ ਕੇਸਾਂ ਵਿੱਚ ਸਰਕਾਰ ਵੱਲੋਂ ਦਿੱਤੇ ਗਏ ਕਰਜੇ ਦੀ ਵੀ ਵਾਪਸੀ ਨਹੀਂ ਹੋ ਰਹੀ ਹੈ। ਇਸ ਕਾਰਣ ਰਾਜ ਸਰਕਾਰ (ਵਿੱਤ ਵਿਭਾਗ) ਲਈ ਰਾਜ ਦੀ ਸਹੀ ਵਿੱਤੀ ਤਸਵੀਰ ਦਾ ਜਾਇਜਾ ਲਗਾਉਣਾ ਅਸੰਭਵ ਹੈ। ਇਸ ਲਈ ਸਾਲ 2025-26 ਦੇ ਬਜਟ ਅਨੁਮਾਨ ਦੀਆਂ ਤਜਵੀਜ਼ਾਂ ਭੇਜਣ ਸਮੇਂ ਨਿਰਧਾਰਤ ਪ੍ਰੋਫਾਰਮੇ ਅਨੁਸਾਰ ਲੋੜੀਂਦੀ ਸੂਚਨਾ ਭੇਜਣੀ ਯਕੀਨੀ ਬਣਾਇਆ ਜਾਵੇ।

19. ਉਪਰੋਕਤ ਤੋਂ ਇਲਾਵਾ ਬਜਟ ਅਨੁਮਾਨ 2025-2026 ਤਿਆਰ ਕਰਨ ਸਮੇਂ ਹੇਠ ਦਰਸਾਏ ਤੱਥਾਂ ਦਾ ਖਾਸ ਤੌਰ ਤੇ ਧਿਆਨ ਰੱਖਿਆ ਜਾਵੇ:-

1. **ਵਿੱਤ ਵਿਭਾਗ ਦੇ ਧਿਆਨ ਵਿੱਚ ਇਹ ਆਇਆ ਹੈ ਕਿ ਕਈ ਸਕੀਮਾਂ ਦੇ ਸਬ ਹੈੱਡ ਕੋਡਜ਼ ਮਹਾਂਲੇਖਾਕਾਰ ਪੰਜਾਬ ਦੇ ਰਿਕਾਰਡ ਮੁਤਾਬਿਕ ਨਹੀਂ ਹਨ।ਇਹ ਸਬ-ਹੈੱਡ ਕੋਡਜ਼ ਮਹਾਂਲੇਖਾਕਾਰ ਪੰਜਾਬ ਦੀ ਪ੍ਰਵਾਨਗੀ ਅਨੁਸਾਰ ਹੋਣੇ ਚਾਹੀਦੇ ਹਨ। ਇਸ ਸਬੰਧੀ ਲਿਸਟ ਮਹਾਂਲੇਖਾਕਾਰ ਪੰਜਾਬ ਵੱਲੋਂ ਪ੍ਰਾਪਤ ਹੋਣ ਤੇ ਭੇਜ ਦਿੱਤੀ ਜਾਵੇਗੀ।**
2. ਕਰਮਚਾਰੀਆਂ ਦੇ ਡਾਟਾ ਸਬੰਧੀ ਸ਼ੁੱਧ ਵੇਰਵਾ ਗਰੁੱਪ ਵਾਈਜ਼ IFMS ਵਿੱਚ ਭਰਨਾ ਯਕੀਨੀ ਬਣਾਇਆ ਜਾਵੇ।
3. SOEs 51, 52, 53, 54 ਅਤੇ 55 ਲਈ ਬਜਟ ਉਪਬੰਧ Revenue Expanditure Heads ਵਿੱਚ ਨਾ ਕਰਵਾਇਆ ਜਾਵੇ।
4. SOEs 31, 35 ਅਤੇ 36 ਲਈ ਬਜਟ ਉਪਬੰਧ ਕੈਪੀਟਲ ਹੈਡਜ਼ ਵਿੱਚ ਨਾ ਕਰਵਾਇਆ ਜਾਵੇ।
5. SOEs 31, 35, 36 (Grant-in-Aid) ਲਈ ਬਜਟ ਉਪਬੰਧ ਮਾਈਨਰ ਹੈੱਡ 001- ਡਾਇਰੈਕਸ਼ਨ ਅਤੇ ਐਡਮੀਨਿਸਟਰੇਸ਼ਨ ਅਤੇ ਸਬ ਹੈੱਡ 01- Direction ਅਧੀਨ ਨਾ ਕਰਵਾਇਆ ਜਾਵੇ ਅਤੇ ਨਾ ਹੀ ਕਿਸੇ ਵੀ ਸਬ-ਹੈੱਡ ਵਿੱਚ ਦੂਜੀਆਂ SOEs ਦੇ ਨਾਲ ਕਰਵਾਇਆ ਜਾਵੇ। ਭਾਵ Grant-In-Aid ਲਈ ਵੱਖਰਾ ਹੀ ਸਬ-ਹੈੱਡ ਖੁਲਵਾਇਆ ਜਾਵੇ।

20. ਇਨ੍ਹਾਂ ਹਦਾਇਤਾਂ ਅਨੁਸਾਰ ਬਜਟ ਤਜਵੀਜ਼ਾਂ IFMS ਰਾਹੀਂ ਭੇਜੀਆਂ ਜਾਣ ਅਤੇ ਜੋ ਸੂਚਨਾ ਨਿਰਧਾਰਤ ਪ੍ਰੋਫ਼ਾਰਮਿਆ/ਅਨੁਲੱਗਾਂ ਰਾਹੀਂ ਲਿਖਤੀ ਰੂਪ ਵਿੱਚ ਭੇਜੀ ਜਾਣੀ ਲੋੜੀਂਦੀ ਹੈ, ਉਹ ਵਿੱਤ ਵਿਭਾਗ ਨੂੰ **ਦੋ ਪਰਤਾਂ** ਵਿੱਚ ਭੇਜੀ ਜਾਵੇ।

21. ਵਿੱਤ ਵਿਭਾਗ ਵੱਲੋਂ ਪ੍ਰਬੰਧਕੀ ਵਿਭਾਗਾਂ ਦੇ ਸੋਧੇ ਅਨੁਮਾਨ 2024-25 ਅਤੇ ਬਜਟ ਅਨੁਮਾਨ 2025-26 ਸਮੇਤ ਰਸੀਟ ਬਜਟ ਦੇ ਸਬੰਧ ਵਿੱਚ ਇਕੱਠੀਆਂ ਮੀਟਿੰਗਾਂ ਕੀਤੀਆਂ ਜਾਣਗੀਆਂ। ਜਿਸ ਸਬੰਧੀ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪ੍ਰਬੰਧਕੀ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ, ਵਿੱਤ ਵਿਭਾਗ ਨੂੰ ਭੇਜੀਆਂ ਗਈਆਂ ਤਜਵੀਜ਼ਾਂ ਦੇ ਸਬੰਧ ਵਿੱਚ ਪੂਰੇ ਦਸਤਾਵੇਜਾਂ/ਜਸਟੀਫਿਕੇਸ਼ਨਜ਼ ਸਮੇਤ, ਨਿਸ਼ਚਿਤ ਮਿਤੀ ਨੂੰ ਸਮੇ ਸਿਰ ਮੀਟਿੰਗ ਅਟੈਂਡ ਕਰਨੀ ਯਕੀਨੀ ਬਣਾਈ ਜਾਵੇ। ਇਨ੍ਹਾਂ ਮੀਟਿੰਗਾਂ ਬਾਰੇ ਵੱਖਰੇ ਤੌਰ ਤੇ ਸੂਚਿਤ ਕੀਤਾ ਜਾਵੇਗਾ।

21.1 ਸਮੂਹ ਵਿਭਾਗਾਂ ਦਾ ਧਿਆਨ ਵਿੱਤ ਵਿਭਾਗ ਦੇ ਪੱਤਰ ਨੰ: 1/11/2018/1ਵਿਬ1/ 1401910/1-4 ਮਿਤੀ 22-01-2019 ਵੱਲ ਦਿਵਾਇਆ ਜਾਂਦਾ ਹੈ ਜਿਸ ਅਨੁਸਾਰ ਵਿੱਤ ਵਿਭਾਗ ਵੱਲੋਂ ਵੱਖ ਵੱਖ ਵਿਭਾਗਾਂ ਵਿਚ ਐਸ.ਏ.ਐਸ. ਕਾਡਰ ਦੇ ਅਧਿਕਾਰੀਆਂ ਨੂੰ ਤੈਨਾਤ ਕੀਤਾ ਗਿਆ ਹੈ ਤਾਂ ਜੋ

ਵਿਭਾਗ ਰਸੀਟ ਸਬੰਧੀ ਦਿੱਤੇ ਅੰਕੜੇ ਅਚੀਵ ਕਰ ਸਕਣ । ਇਸ ਕਰਕੇ ਐਸ.ਏ.ਐਸ. ਕਾਡਰ ਦੇ ਅਧਿਕਾਰੀ ਰਸੀਟ ਅਤੇ ਖਰਚੇ ਦੇ ਸਬੰਧ ਵਿੱਚ ਆਪਣੇ ਵਿਭਾਗਾਂ ਨਾਲ ਸਬੰਧਤ ਬਜਟ ਪੂਰੀ ਤਰ੍ਹਾ ਘੋਖਕੇ ਤਜ਼ਵੀਜ਼ਾਂ ਭੇਜਣ ।

21.2. ਸਮੂਹ ਵਿਭਾਗਾਂ ਦਾ ਧਿਆਨ ਵਿੱਤ ਵਿਭਾਗ ਦੇ ਪੱਤਰ ਨੰ: 1/15/2017-1ਵਿਬ1/1401479/1-7, ਮਿਤੀ 22-01-2019 ਵੱਲ ਦਿਵਾਉਂਦੇ ਹੋਏ ਲਿਖਿਆ ਜਾਂਦਾ ਹੈ ਕਿ ਵਿੱਤ ਵਿਭਾਗ ਵਿੱਚ ਬਜਟ ਨਾਲ ਸਬੰਧਤ ਫਾਈਨਲ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ ਤਾਂ ਆਮ ਵੇਖਣ ਵਿਚ ਆਉਂਦਾ ਹੈ ਕਿ ਕਈ ਅਧਿਕਾਰੀ/ਕਰਮਚਾਰੀ ਬਿਨ੍ਹਾ ਕਿਸੇ ਤਿਆਰੀ ਦੇ ਮੀਟਿੰਗ ਅਟੈਂਡ ਕਰਨ ਆ ਜਾਂਦੇ ਹਨ। ਉਨ੍ਹਾਂ ਨੂੰ ਵਿਭਾਗਾਂ ਦੇ ਰਸੀਟ ਅਤੇ ਖਰਚੇ ਸਬੰਧੀ ਕੋਈ ਪ੍ਰਸ਼ਨ ਕੀਤਾ ਜਾਂਦਾ ਹੈ ਤਾਂ ਉਨ੍ਹਾਂ ਵੱਲੋਂ ਕੋਈ ਉੱਤਰ ਨਹੀਂ ਦਿੱਤਾ ਜਾਂਦਾ। ਇਸ ਲਈ ਜਦੋਂ ਵੀ ਬਜਟ ਸਬੰਧੀ ਮੀਟਿੰਗਾਂ ਫਿਕਸ ਕੀਤੀਆਂ ਜਾਂਦੀਆਂ ਹਨ ਤਾਂ ਤੱਥਾਂ ਤੋ ਜਾਣੂ ਅਧਿਕਾਰੀ ਹੀ ਮੀਟਿੰਗਾਂ ਅਟੈਂਡ ਕਰਨ।

22. **ਇਸ ਸਬੰਧੀ ਮੁਕੰਮਲ ਤਜਵੀਜ਼ਾਂ IFMS ਰਾਹੀਂ ਵਿੱਤ ਵਿਭਾਗ ਦੀ ਸਬੰਧਤ ਖਰਚਾ ਸ਼ਾਖਾ ਨੂੰ ਮਿਤੀ 10 ਦਸੰਬਰ, 2024 ਤੱਕ ਭੇਜੀਆ ਜਾਣ ।**

23. ਸਮੂਹ ਪ੍ਰਬੰਧਕੀ ਵਿਭਾਗਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਅਧੀਨ ਆਉਂਦੇ ਬੋਰਡਾਂ/ਕਾਰਪੋਰੇਸ਼ਨਾਂ **ਸਬੰਧੀ ਸੂਚਨਾ ਅਨੁਲੱਗ (5 ਅਤੇ 6) ਵਿਚ ਦਰਸਾਏ ਪ੍ਰੋਫਾਰਮਿਆਂ ਵਿਚ ਭਰਕੇ ਡਾਇਰੈਕਟੋਰੇਟ, ਪਬਲਿਕ ਇੰਟਰਪਾਇਜਸ ਅਤੇ ਡਿਸਇੰਨਵੈਸਟਮੈਂਟ ਅਤੇ ਸਬੰਧਤ ਵਿੱਤ ਖਰਚਾ ਸ਼ਾਖਾ** ਅਤੇ ਅਨੁਲੱਗ 7 ਅਤੇ 8 ਵਿਚ ਦਰਸਾਏ ਪ੍ਰੋਫਾਰਮੇ ਵਿਚ ਸੂਚਨਾ **ਭਰਕੇ ਡਾਇਰੈਕਟੋਰੇਟ, ਪਬਲਿਕ ਇੰਟਰਪਾਇਜਸ ਅਤੇ ਡਿਸਇੰਨਵੈਸਟਮੈਂਟ ਅਤੇ ਵਿੱਤ ਬਜਟ-2 ਸ਼ਾਖਾ** ਨੂੰ 10 ਦਸੰਬਰ, **2024** ਤੱਕ ਉਪਲਬੱਧ ਕਰਵਾਈ ਜਾਵੇ। ਇਹਨਾਂ ਬੋਰਡਾਂ/ਕਾਰਪੋਰੇਸ਼ਨਾਂ ਵੱਲੋਂ **ਕੀਤੇ ਜਾਦੇਂ ਖਰਚਿਆਂ ਦੇ ਵੇਰਵਿਆਂ ਬਾਰੇ , ਉਹਨਾਂ ਵੱਲੋਂ ਸਰਕਾਰ ਦੀ ਗਰੰਟੀ ਨਾਲ ਲਏ ਗਏ ਅਤੇ ਸਰਕਾਰ ਦੀ ਗਰੰਟੀ ਤੋਂ ਬਿਨਾ ਲਏ ਗਏ ਕਰਜਿਆਂ ਬਾਰੇ ਅਤੇ ਆਫ ਬਜਟ ਬੋਰੋਇੰਗ**

ਵਿੱਤੀ ਸਥਿਤੀ ਦਾ ਰਾਜ ਸਰਕਾਰ ਨੂੰ ਪਤਾ ਚਲ ਸਕੇ। ਡਾਇਰੈਕਟੋਰੇਟ, ਪਬਲਿਕ ਇੰਟਰਪਾਰਈਜਜ਼ ਅਤੇ ਡਿਸਇੰਨਵੈਸਟਮੈਂਟ ਨੂੰ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਸਬੰਧਤ ਬੋਰਡਾਂ/ਕਾਰਪੋਰੇਸ਼ਨਾਂ ਨਾਲ ਤਾਲਮੇਲ ਕਰਦੇ ਹੋਏ ਮੁਕੰਮਲ ਸੂਚਨਾ ਪ੍ਰਾਪਤ ਕਰਨ ਦੀ ਖੇਚਲ ਕਰਨ ਅਤੇ ਵਿੱਤ ਵਿਭਾਗ ਵਿੱਚ ਬਜਟ ਸਬੰਧੀ ਹੋ ਰਹੀਆਂ ਮੀਟਿੰਗਾਂ ਦੌਰਾਨ ਡਾਇਰੈਕਟਰ, ਪਬਲਿਕ ਇੰਟਰਪਾਰਈਜਜ਼ ਅਤੇ ਡਿਸਇੰਨਵੈਸਟਮੈਂਟ ਦਾ ਨੁਮਾਇੰਦਾ ਵੀ ਬੋਰਡਾਂ/ਕਾਰਪੋਰੇਸ਼ਨਾਂ ਦੀ ਤਾਜਾ ਸੂਚਨਾਂ ਲੈਕੇ ਮੀਟਿੰਗ ਅਟੈਡ ਕਰਨ ਦੀ ਖੇਚਲ ਕਰੇ।

24. ਭਾਰਤ ਸਰਕਾਰ ਵੱਲੋਂ ਖਰਚਾ ਕੀਤੇ ਜਾਣ ਵਾਲੀਆਂ ਐਸ.ਓ.ਈਜ਼ ਵਿੱਚ ਕੁੱਝ ਸੋਧਾਂ ਕੀਤੀਆਂ ਗਈਆਂ ਹਨ। ਮਹਾਂਲੇਖਾਕਾਰ, ਪੰਜਾਬ ਚੰਡੀਗੜ੍ਹ ਵੱਲੋਂ ਮਿਤੀ 20-09-2024 ਰਾਹੀਂ ਇਸ

ਸਬੰਧ ਵਿੱਚ ਵਿੱਤ ਵਿਭਾਗ ਨੂੰ ਇਹਨਾਂ ਐਸ.ਓ.ਈਜ਼ ਨੂੰ ਅਡਾਪਟ ਕਰਨ ਲਈ ਲਿਖਿਆ ਗਿਆ ਹੈ। ਜਿਸ ਦੇ ਸਬੰਧ ਵਿੱਚ ਵਿੱਤ ਵਿਭਾਗ ਵਲੋਂ ਮਿਤੀ 14-11-2024 ਰਾਹੀਂ ਮਹਾਂਲੇਖਾਕਾਰ, ਪੰਜਾਬ ਚੰਡੀਗੜ੍ਹ ਨੂੰ ਇਸ ਸਬੰਧ ਵਿੱਚ ਆਪਣੀ ਸਹਿਮਤੀ ਦੇਣ ਲਈ ਲਿਖਿਆ ਗਿਆ ਸੀ ਜਿਸ ਦੇ ਸਬੰਧ ਵਿਚ ਮਹਾਂਲੇਖਾਕਾਰ, ਪੰਜਾਬ ਚੰਡੀਗੜ੍ਹ ਵੱਲੋਂ ਸੀ.ਏ.ਜੀ. ਦਫਤਰ ਭਾਰਤ ਸਰਕਾਰ ਨਾਲ ਤਾਲਮੇਲ ਕਰਕੇ ਪ੍ਰਵਾਨਗੀ ਮੰਗੀ ਹੋਈ ਹੈ। ਇਸ ਲਈ ਜੇਕਰ ਮਹਾਂਲੇਖਾਕਾਰ, ਪੰਜਾਬ ਚੰਡੀਗੜ੍ਹ ਤੋਂ ਨਵੀਆਂ ਐਸ.ਓ.ਈਜ਼ ਦੀ ਪ੍ਰਵਾਨਗੀ ਵਿੱਤ ਵਿਭਾਗ ਨੂੰ ਪ੍ਰਾਪਤ ਹੋ ਜਾਂਦੀ ਹੈ, ਉਸ ਅਨੁਸਾਰ ਵਿਭਾਗਾਂ ਨੂੰ ਲੋੜੀਂਦੀ ਸੋਧ ਤੁਰੰਤ ਕਰਵਾਉਣੀ ਪਵੇਗੀ ਅਤੇ ਉਸ ਅਨੁਸਾਰ ਬਜਟ ਉਪਬੰਧ ਕਰਵਾਉਣਾ ਪਵੇਗਾ।

24. ਸਮੂਹ ਵਿਸ਼ੇਸ਼ ਮੁੱਖ ਸਕੱਤਰ, ਸਮੂਹ ਵਧੀਕ ਮੁੱਖ ਸਕੱਤਰ, ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਆਉਂਦੇ ਵਿਭਾਗਾਂ ਦੇ ਮੁੱਖੀਆਂ ਨੂੰ ਹਦਾਇਤ ਕਰਨ ਦੀ ਖੇਚਲ ਕੀਤੀ ਜਾਵੇ ਕਿ ਉਹ ਵਿੱਤ ਵਿਭਾਗ ਵੱਲੋਂ ਨਿਸਚਿਤ ਕੀਤੀਆਂ ਜਾਣ ਵਾਲੀਆਂ ਮੀਟਿੰਗਾਂ ਅਟੈਂਡ ਕਰਨ ਦੀ ਖੇਚਲ ਕਰਨ ਤਾਂ ਜੋ ਰਾਜ ਵਿਧਾਨ ਸਭਾ ਵਿੱਚ ਬਜਟ ਦਸਤਾਵੇਜ਼ ਪੇਸ਼ ਕਰਨ ਵਿੱਚ ਦੇਰੀ ਨਾ ਹੋਵੇ।

ਵਿਸ਼ਵਾਸਪਾਤਰ

ਉਪ ਸਕੱਤਰ ਵਿੱਤ ਕਮ-ਬਜਟ ਅਫਸਰ

ਉਪਰੋਕਤ ਦਾ ਉਤਾਰਾ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ ਯੋਜਨਾਬੰਦੀ ਵਿਭਾਗ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਸਮੂਹ ਪ੍ਰਬੰਧਕੀ ਵਿਭਾਗਾਂ ਨਾਲ ਤਾਲਮੇਲ ਕਰਦੇ ਹੋਏ ਸੈਂਟਰਲੀ ਸਪਾਂਸਰਡ ਸਕੀਮਾਂ ਅਤੇ ਸਟੇਟ ਸਕੀਮਾਂ ਦੇ ਸਬੰਧ ਵਿਚ ਤਜਵੀਜਾਂ ਪ੍ਰਾਪਤ ਕਰਨ ਦੀ ਖੇਚਲ ਕੀਤੀ ਜਾਵੇ ਅਤੇ ਸਮੂਹ ਪ੍ਰਬੰਧਕੀ ਵਿਭਾਗਾਂ ਦੇ ਨੁਮਾਇੰਦਿਆਂ ਨਾਲ ਮੀਟਿੰਗਾਂ ਕਰਕੇ ਵਿਭਾਗਾਂ ਦੀ ਪ੍ਰੋਜੈਕਟਾਂ/ਸਕੀਮਾਂ ਦੀ ਪ੍ਰਫਾਰਮੈਂਸ ਦੇ ਆਧਾਰ ਤੇ ਡਿਵੈਲਪਮੈਂਟ ਬਜਟ ਮੁਕੰਮਲ ਕਰਨ ਉਪਰੰਤ ਮਿਤੀ 10.01.2025 ਤੱਕ ਵਿੱਤ ਵਿਭਾਗ ਅਤੇ ਵਾਈਜ ਚੇਅਰਮੈਨ ਪੰਜਾਬ ਡਿਵੈਲਪਮੈਂਟ ਕਮਿਸ਼ਨ ਨੂੰ ਪੇਸ਼ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ। ਆਪ ਜੀ ਨੂੰ ਇਹ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਕਈ ਵਿਭਾਗਾਂ ਵੱਲੋਂ ਇਕੋ ਹੀ ਵਿਸ਼ੇ ਨਾਲ ਸਬੰਧਤ ਵੱਖ-ਵੱਖ ਸਕੀਮਾਂ ਖੁਲਵਾ ਲਈਆਂ ਜਾਂਦੀਆਂ ਹਨ। ਜਿਸ ਕਰਕੇ ਸਕੀਮਾਂ ਦੀ ਓਵਰਲੈਪਿੰਗ ਹੁੰਦੀ ਹੈ। ਵਿੱਤ ਵਿਭਾਗ ਵੱਲੋਂ ਸਾਲ 2025-26 ਦੌਰਾਨ ਅਜਿਹੀਆਂ ਸਕੀਮਾਂ ਜੋ ਕਿ ਓਵਰਲੈਪਿੰਗ ਹੋ ਰਹੀਆਂ ਹਨ, ਦੇ ਸਬੰਧ ਵਿਚ ਛਾਣਬੀਣ ਕਰਨ ਦੀ ਖੇਚਲ ਕੀਤੀ ਜਾਵੇ ਅਤੇ ਉਨ੍ਹਾਂ ਸਕੀਮਾਂ ਨੂੰ ਮਰਜ ਕਰਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ। ਇਸ ਤੋਂ ਇਲਾਵਾ ਇਹ ਵੀ ਧਿਆਨ ਰੱਖਿਆ ਜਾਵੇ ਕਿ ਕਈ ਸੈਂਟਰਲੀ ਸਪਾਂਸਰਡ ਸਕੀਮਾਂ ਅਧੀਨ ਸ਼ੇਅਰ ਪੈਟਰਨ ਤੇ ਭਾਰਤ ਸਰਕਾਰ ਤੋਂ ਰਾਸ਼ੀ ਪ੍ਰਾਪਤ ਕੀਤੀ ਜਾ ਸਕਦੀ ਹੈ ਪਰ ਪ੍ਰਬੰਧਕੀ ਵਿਭਾਗ ਵੱਲੋਂ ਭਾਰਤ ਸਰਕਾਰ ਤੋਂ ਰਾਸ਼ੀ ਪ੍ਰਾਪਤ ਕਰਨ ਦੀ ਬਿਜਾਏ ਸਟੇਟ ਸਕੀਮਾਂ ਖੁਲਵਾ ਲਈਆਂ ਜਾਂਦੀਆਂ ਹਨ। ਜਿਸ ਨਾਲ ਰਾਜ ਸਰਕਾਰ ਨੂੰ ਵਿੱਤੀ ਬੋਝ

ਉਠਾਉਣਾ ਪੈਂਦਾ ਹੈ। ਇਸ ਲਈ ਪ੍ਰਬੰਧਕੀ ਵਿਭਾਗਾਂ ਅਜਿਹੀਆਂ ਸਟੇਟ ਸਕੀਮਾਂ ਦੀ ਛਾਣਬੀਣ ਕਰਨ ਅਤੇ ਜਿਨ੍ਹਾਂ ਸਕੀਮਾਂ ਅਧੀਨ ਰਾਸ਼ੀ ਭਾਰਤ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ, ਉਸ ਅਨੁਸਾਰ ਸੈਂਟਰਲੀ ਸਪਾਂਸਰਡ ਸਕੀਮਾਂ ਅਧੀਨ ਲੋੜੀਂਦਾ ਬਜਟ ਉਪਬੰਧ ਕਰਵਾਉਣ ਦੀ ਖੇਚਲ ਕਰਨ।

ਉਪ ਸਕੱਤਰ ਵਿੱਤ ਕਮ-ਬਜਟ ਅਫਸਰ

ਸੇਵਾ ਵਿਖੇ,

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ।

ਅੰ:ਵਿ:ਪੱ:ਨੰ: 101/24/2024-1ਵਿਬ1/I/978516/2024 ਮਿਤੀ,ਚੰਡੀਗੜ੍ਹ: 28.11.2024

ਉਪਰੋਕਤ ਦਾ ਉਤਾਰਾ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ ਸੂਚਨਾ ਸਾਇੰਸ ਤਕਨਾਲੋਜੀ ਤੇ ਵਾਤਾਵਰਣ ਵਿਭਾਗ ਨੂੰ ਪੈਰਾ 17.3 ਦੇ ਸਬੰਧ ਵਿੱਚ ਅਗਲੇਰੀ ਕਾਰਵਾਈ ਹਿੱਤ ਭੇਜਿਆਂ ਜਾਂਦਾ ਹੈ।

ਉਪ ਸਕੱਤਰ ਵਿੱਤ ਕਮ-ਬਜਟ ਅਫਸਰ

ਸੇਵਾ ਵਿਖੇ,

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਸੂਚਨਾ ਸਾਇੰਸ ਤਕਨਾਲੋਜੀ ਤੇ ਵਾਤਾਵਰਣ ਵਿਭਾਗ

ਅੰ:ਵਿ:ਪੱ:ਨੰ: 101/24/2024-1ਵਿਬ1/I/978516/2024 ਮਿਤੀ,ਚੰਡੀਗੜ੍ਹ: 28.11.2024
ਪਿੱਠ ਅੰਕਣ ਨੰ:101/24/2024-1ਵਿਬ1/I/978516/2024 ਮਿਤੀ,ਚੰਡੀਗੜ੍ਹ: 28.11.2024

ਇਸ ਦਾ ਇੱਕ ਉਤਾਰਾ ਵਾਈਸ ਚੈਅਰਮੈਨ, ਅਤੇ ਪੰਜਾਬ ਡਿਵੈਲਪਮੈਂਟ ਕਮਿਸ਼ਨ ਵਿੱਤ ਤੇ ਯੋਜਨਾ ਭਵਨ ਸੈਕਟਰ-33 ਚੰਡੀਗੜ੍ਹ ਅਤੇ ਡਾਇਰੈਕਟਰ, ਵਿੱਤੀ ਸਾਧਨ ਅਤੇ ਆਰਥਿਕ ਜਾਣਕਾਰੀ ਵਿਭਾਗ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆਂ ਜਾਂਦਾ ਹੈ।

ਉਪ ਸਕੱਤਰ ਵਿੱਤ ਕਮ-ਬਜਟ ਅਫਸਰ

ਇਸ ਦਾ ਇੱਕ ਉਤਾਰਾ ਸਕੱਤਰ ਖਰਚਾ, ਸਕੱਤਰ ਵਿੱਤ ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਸਾਲ 2024-25 ਦੇ ਸੋਧੇ ਅਨੁਮਾਨਾਂ ਅਤੇ ਸਾਲ 2025-26 ਲਈ ਬਜਟ ਅਨੁਮਾਨਾਂ ਸਬੰਧੀ ਮੀਟਿੰਗਾਂ ਲੈਣ ਦੀ ਖੇਚਲ ਕੀਤੀ ਜਾਵੇ।

ਉਪ ਸਕੱਤਰ ਵਿੱਤ ਕਮ-ਬਜਟ ਅਫਸਰ

ਸੇਵਾ ਵਿਖੇ,

1) ਸਕੱਤਰ ਖਰਚਾ,
2) ਸਕੱਤਰ ਵਿੱਤ ।

ਅੰ:ਵਿ:ਪੱ:ਨੰ:101/24/2024-1ਵਿਬ1//I/978516/2024 ਮਿਤੀ,ਚੰਡੀਗੜ੍ਹ: 28.11.2024

ਇਸ ਦਾ ਇੱਕ ਉਤਾਰਾ ਉੱਪ ਸਕੱਤਰ ਵਿੱਤ, ਅਧੀਨ ਸਕੱਤਰ ਵਿੱਤ, ਸਮੂਹ ਸੁਪਰਡੰਟ ਵਿੱਤ ਖਰਚਾ ਸ਼ਾਖਾਵਾਂ ਅਤੇ ਸੁਪਰਡੰਟ ਵਿੱਤ ਬਜਟ-2 ਸ਼ਾਖਾ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਵਿਭਾਗਾਂ ਵੱਲੋਂ ਸਾਲ 2024-25 ਦੇ ਸੋਧੇ ਅਨੁਮਾਨਾਂ ਅਤੇ ਸਾਲ 2025-26 ਲਈ ਬਜਟ ਅਨੁਮਾਨਾਂ ਸਬੰਧੀ ਤੁਰੰਤ ਅਗਲੇਰੀ ਕਾਰਵਾਈ ਕੀਤੀ ਜਾਵੇ।

ਹਰਵਿੰਦਰ ਸਿੰਘ

ਉਪ ਸਕੱਤਰ ਵਿੱਤ ਕਮ-ਬਜਟ ਅਫਸਰ

ਸੇਵਾ ਵਿਖੇ,

ਉੱਪ ਸਕੱਤਰ ਵਿੱਤ, ਅਧੀਨ ਸਕੱਤਰ ਵਿੱਤ,
ਸਮੂਹ ਸੁਪਰਡੰਟ ਵਿੱਤ ਖਰਚਾ ਸ਼ਾਖਾਵਾਂ ਅਤੇ
ਸੁਪਰਡੰਟ ਵਿੱਤ ਬਜਟ-2 ਸ਼ਾਖਾ ।

ਅੰ:ਵਿ:ਪੱ:ਨੰ:101/24/2024-1ਵਿਬ1/I/978516/2024 ਮਿਤੀ,ਚੰਡੀਗੜ੍ਹ: 28.11.2024

ਪਿੱਠ ਅੰਕਣ ਨੰ:101/24/2024-1ਵਿਬ1/I/978516/2024 ਮਿਤੀ,ਚੰਡੀਗੜ੍ਹ: 28.11.2024

ਇਸ ਦਾ ਇੱਕ ਉਤਾਰਾ ਡਾਇਰੈਕਟਰ, ਪਬਲਿਕ ਐਂਟਰ-ਪ੍ਰਾਈਜਿਜ ਅਤੇ ਡਿਸਇਨਵੈਸਟਮੈਂਟ ਪੰਜਾਬ ਚੰਡੀਗੜ੍ਹ ਨੂੰ ਸੂਚਨਾ / ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਹਰਵਿੰਦਰ ਸਿੰਘ

ਉਪ ਸਕੱਤਰ ਵਿੱਤ ਕਮ-ਬਜਟ ਅਫਸਰ

ਪਿੱਠ ਅੰਕਣ ਨੰ:101/24/2024-1ਵਿਬ1/I/978516/2024 ਮਿਤੀ,ਚੰਡੀਗੜ੍ਹ: 28.11.2024

ਇਸ ਦਾ ਇੱਕ ਉਤਾਰਾ ਮਹਾਂਲੇਖਾਕਾਰ, ਪੰਜਾਬ (ਏ ਐਂਡ ਈ.) ਪੰਜਾਬ ਚੰਡੀਗੜ੍ਹ ਅਤੇ ਪ੍ਰਮੁੱਖ ਮਹਾਂਲੇਖਾਕਾਰ (ਆਡਿਟ) ਪੰਜਾਬ, ਚੰਡੀਗੜ੍ਹ ਨੂੰ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਹਰਵਿੰਦਰ ਸਿੰਘ

ਉਪ ਸਕੱਤਰ ਵਿੱਤ ਕਮ-ਬਜਟ ਅਫਸਰ

ਪਿੱਠ ਅੰਕਣ ਨੰ:101/24/2024-1ਵਿਬ1/I/978516/2024 ਮਿਤੀ,ਚੰਡੀਗੜ੍ਹ: 28.11.2024

ਇਸ ਦਾ ਇੱਕ ਉਤਾਰਾ ਇੰਚਾਰਜ ਐਨ.ਆਈ.ਸੀ. (ਆਈ.ਐਫ.ਐਮ.ਐਸ.) ਪੰਜਾਬ ਨੂੰ ਸੂਚਨਾ / ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ। ਇਸ ਤੋਂ ਇਲਾਵਾ ਮਹਾਂਲੇਖਾਕਾਰ, ਪੰਜਾਬ ਚੰਡੀਗੜ੍ਹ ਦੇ ਦਫਤਰ ਵਲੋਂ ਜੋ ਵੱਖ- ਵੱਖ ਤਰ੍ਹਾਂ ਦੀਆਂ ਖਾਮੀਆਂ ਧਿਆਨ ਵਿਚ ਲਿਆਈਆਂ ਜਾਂਦੀਆਂ ਹਨ। ਉਨ੍ਹਾਂ ਨੂੰ ਪੂਰੀ ਤਰ੍ਹਾਂ ਦਰੁਸਤ ਕੀਤਾ ਜਾਵੇ ਤਾਂ ਜੋ ਅਗੇ ਤੋਂ ਮਹਾਂਲੇਖਾਕਾਰ, ਪੰਜਾਬ ਦਾ ਕੋਈ ਵੀ ਪ੍ਰੇਖਣ ਦੁਬਾਰਾ ਰਪੀਟ ਨਾ ਹੋਵੇ। ਆਪ ਨੂੰ ਇਹ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਵਿਭਾਗਾਂ ਨੂੰ ਬਜਟ ਸਬੰਧੀ ਸਕਰੀਨਾਂ ਤੁਰੰਤ ਮੁਹੱਈਆਂ ਕਰਵਾਈਆਂ ਜਾਣ ।

ਹਰਵਿੰਦਰ ਸਿੰਘ

ਉਪ ਸਕੱਤਰ ਵਿੱਤ ਕਮ-ਬਜਟ ਅਫਸਰ

ਅੰਦਰੂਨੀ ਵੰਡ:-

1. ਨਿੱਜੀ ਸਕੱਤਰ/ਮਾਨਯੋਗ ਵਿੱਤ ਅਤੇ ਯੋਜਨਾ ਮੰਤਰੀ ਪੰਜਾਬ ਜੀ।
2. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ ਵਿੱਤ।

Annexure -I

Department :

Demand No. :

Major Head :

Form BM - 2

(Rs. In Thousands)

SOE Code with Description	Voted/ Charged	Accounts	Budget Estimates	Additional Funds	Total Estimates (4+5)	First 6 Months Expenditure	Till Date Expenditure of Current Year	Total Bills Presented In The Treasuries Till Date	Proposed Revised Estimates	Proposed Budget Estimates	SOE Variation	Remarks
		[2023-2024]	[2024-2025]	[2024-2025]	[2024-2025]	[2024-2025]	[2024-2025]	[2024-2025]	[2024-2025]	[2025-2026]		
1	2	3	4	5	6	7	8	9	10	11	12	13

ਅਨੁਲੱਗ-2

(ਪੈਰ੍ਹਾ 8 ਵਿਚ ਹਵਾਲਾ ਵੇਖੋ

ਮੰਗ ਨੰਬਰ

ਮੁੱਖ ਮੱਦ

ਸਹਾਇਤਾ ਗਰਾਂਟਾਂ ਅਤੇ ਅੰਦਾਨਾਂ ਸਬੰਧੀ ਖਰਚ ਦੀਆਂ ਮਹੱਤਵਪੂਰਣ ਮੱਦਾਂ ਦੇ ਵਿਸਤ੍ਰਿਤ ਵੇਰਵੇ ਦਰਸਾਉਂਦਾ ਵਿਵਰਣ ।

(ਰੁਪਏ ਹਜਾਰਾਂ ਵਿੱਚ)

ਛੋਟੀਆਂ ਮੱਦਾਂ/ਉਪ ਮੱਦਾਂ	ਸਹਾਇਤਾ ਲੈਣ ਵਾਲੀ ਸੰਸਥਾ	ਸਹਾਇਤਾ ਦਾ ਵਿਸਤ੍ਰਿਤ ਖਾਤਾ	ਬਜਟ ਅਨੁਮਾਨ, 2024-25	ਸੋਧੇ ਅਨੁਮਾਨ, 2024-25	ਬਜਟ ਅਨੁਮਾਨ, 2025-26	ਪੈਂਡਿੰਗ ਪਏ ਵਰਤੋਂ ਸਰਟੀਫਿਕੇਟ		
						ਸਾਲ	ਗਿਣਤੀ	ਰਕਮ
						2019-20		
						2020-21		
						2021-22		
1.	2.	3.	4.	5.	6.	7.		

(10 ਦਸੰਬਰ, 2024 ਤੱਕ ਵਿੱਤ ਵਿਭਾਗ ਨੂੰ ਭੇਜਿਆ ਜਾਵੇ)

ਅਨੁਲੱਗ-3

1. ਅਨੁਪੂਰਕ ਮੰਗਾਂ ਦੀ ਗਰਾਂਟ ਵਿੱਚ ਮੰਗੀ ਗਈ ਕੁੱਲ ਰਕਮ। ----------------

2. ਪੇਸ਼ਗੀ ਅਦਾ ਕੀਤੀ ਜਾਂ ਅਦਾਇਗੀ ਯੋਗ ਜਾਂ ਭਾਰਤ ਸਰਕਾਰ ਦੁਆਰਾ ਪ੍ਰਤੀ ਪੂਰਤੀ ਯੋਗ ਰਕਮ ਜੇ ਕੋਈ ਹੋਵੇ ਅਤੇ ਅਦਾਇਗੀ ਪ੍ਰਤੀ ਪੂਰਤੀ ਦੀ ਅਸਲ/ਸੰਭਾਵਕ ਮਿਤੀ। ----------------

3. ਭਾਰਤ ਸਰਕਾਰ ਦੁਆਰਾ ਜਾਰੀ ਕੀਤੀ ਮਨਜ਼ੂਰੀ ਦਾ ਨੰ: ਅਤੇ ਮਿਤੀ। ----------------

4. ਉਕਤ (1) ਦੇ ਸਬੰਧ ਵਿਚ ਨਿਰੋਲ ਵਿੱਤੀ ਬੋਝ ਘੱਟ ਕਰਨ ਲਈ ਕਿਸੇ ਹੋਰ ਮੱਦ ਜਾਂ ਗਰਾਂਟ ਵਿੱਚ ਸਪੁਰਦ ਕੀਤੀ ਜਾ ਰਹੀ ਰਕਮ, ਜੇ ਕੋਈ ਹੋਵੇ। ----------------

5. ਅਨੁਪੂਰਕ ਮੰਗ ਦਾ ਨਿਰੋਲ ਵਿੱਤੀ ਬੋਝ। ----------------

6. ਇਹ ਸਰਟੀਫਿਕੇਟ ਕਿ ਪੰਜਾਬ ਅਚੇਤ-ਫੰਡ ਵਿਚੋਂ ਦਿੱਤੇ ਗਏ ਫੰਡ ਵਰਤ ਲਏ ਗਏ ਹਨ। ----------------

7. ਅਦਾਲਤ ਜਾਂ ਸਾਲਸੀ ਟ੍ਰਿਬਿਊਨਲ ਨਿਰਣਿਆਂ, ਡਿਕਰੀਆਂ ਜਾਂ ਅਵਾਰਡ ਨਾਲ ਸਬੰਧਤ ਚਾਰਜਡ ਉਪਬੰਧਾਂ ਲਈ ਤਜਵੀਜਾਂ ਬਾਰੇ ਦਿੱਤੀ ਜਾਣ ਵਾਲੀ ਜਾਣਕਾਰੀ: ----------------

1) ਦੀਵਾਨੀ ਜਾਬਤਾ ਸੰਘਤਾ ਦੀ ਧਾਰਾ 80 ਅਧੀਨ ਨੋਟਿਸ ਜਦੋਂ ਪ੍ਰਾਪਤ ਹੋਇਆ ਸੀ। ----------------

2) ਕੀ ਨੋਟਿਸ ਮਿਲਣ ਤੇ ਕਾਨੂੰਨੀ ਤੇ ਵਿਧਾਨਕ ਮਾਮਲੇ ਵਿਭਾਗ/ ਡਾਇਰੈਕਟੋਰੇਟ ਪ੍ਰੋਸੀਕਿਊਸਨ ਤੇ ਲਿਟੀਗੇਸ਼ਨ ਦੀ ਸਲਾਹ ਲਈ ਗਈ ਸੀ? ----------------

3) ਜੇ ਹਾਂ ਤਾਂ ਸਲਾਹ ਦੇ ਵੇਰਵੇ ਜੇ ਨਹੀਂ ਤਾਂ ਇਸ ਦਾ ਕਾਰਣ ----------------

4) ਅਦਾਲਤ ਜਾਂ ਸਾਲਸੀ ਟ੍ਰਿਬਿਊਨਲ ਦੇ ਨਿਰਣੇ, ਡਿਗਰੀ, ਅਵਾਰਡ ਦੀ ਕਾਪੀ ਨਾਲ ਲਾਈ ਜਾਵੇ। ----------------

5) ਮਿਤੀ ਜਿਸ ਨੂੰ ਅਦਾਇਗੀ ਕੀਤੀ ਗਈ ਸੀ ਜਾਂ ਜਦੋਂ ਇਹ ਕੀਤੀ ਜਾਣੀ ਹੈ। ----------------

6) ਬਜਟ ਵਿਚ ਇਹ ਉਪਬੰਧ ਕਿਉਂ ਨਹੀਂ ਸੀ ਕੀਤਾ ਗਿਆ? ----------------

ਅਨੁਲੱਗ-4

ਬਜਟ ਮਾਮਲਾ **ਪੰਜਾਬ ਸਰਕਾਰ**

ਮਿਤੀ ਬੱਧ **ਵਿਭਾਗ ਦਾ ਨਾਮ-------------**

ਇਹ ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਰੁਪਏ ....(ਵੋਟਿਡ) ਅਤੇ ਰੁਪਏ..........................(ਚਾਰਜਿਡ) ਕੁੱਲ ------------ ---------- ਰੁਪਏ ਸਾਲ 2024-25 ਲਈ ਅਨੁਪੂਰਕ ਅਨੁਮਾਨ ਡਿਮਾਂਡ ਨੰਬਰ...... ....ਦੇ ਤਹਿਤ 31 ਮਾਰਚ 2025 ਤੱਕ ਮੌਜੂਦਾ ਵਿੱਤੀ ਸਾਲ ਦੌਰਾਨ ਜਿਸ ਉਦੇਸ਼ ਨਾਲ ਪ੍ਰਾਪਤ ਕੀਤੇ ਗਏ, ਉਸ ਉਦੇਸ਼ ਲਈ ਪੂਰੀ ਤਰ੍ਹਾਂ ਵਰਤੇ ਲਏ ਜਾਣਗੇ।

ਸਮਰੱਥ ਅਥਾਰਿਟੀ ਦੇ ਹਸਤਾਖਰ

ਅਹੁੱਦਾ

ਮਿਤੀ

(ਪ੍ਰਬੰਧਕੀ ਸਕੱਤਰ ਜਾਂ ਉਨ੍ਹਾਂ ਵੱਲੋਂ ਇਸ ਸਬੰਧ ਵਿੱਚ ਅਧਿਕਾਰਤ ਅਫਸਰ ਵੱਲੋਂ ਪ੍ਰਮਾਣਤ ਕੀਤਾ ਜਾਵੇ)

ਨੋਟ : ਇਹ ਸਰਟੀਫਿਕੇਟ ਵਿੱਤ ਵਿਭਾਗ ਦੀ ਸਬੰਧਤ ਵਿੱਤ ਖਰਚਾ ਸਾਖਾ ਵਿੱਚ (2 ਪਰਤਾਂ ਵਿੱਚ) ਭੇਜਿਆ ਜਾਵੇ

Annexure-4

Government of Punjab
Department of ____________

Certificate

It is certified that the amount of Rs…………………………..(voted) & Rs……………………..(Charged) as total Rs--------------------- Supplementary Estimates for the year 2023-24 under Demand no…… will be fully utilized for the purpose for which it is obtained during the current Financial Year up to 31 march 2025.

Signature:---------------------

Designation:------------------

Dated:--------------------------

(To be certified by the Secretary or Designated officer appointed by him in this case.)

Note:- (Kindly sent two copies of this certificate to Concerned Expenditure Branch)

(ਅਨੁਲੱਗ-5)

Proforma

Information regarding Equity, debt, outstanding loan, GoP Guaranteed Loan (as on 31.03.2025)

(Rs. In Crores)

Sr. No.	Name of Administrative Department	Name of Agency/SPUs/ Entities under the Administrative Department	Lender	Nature (Bonds STL/CCL/OD)	Date of Availing loan	Total Debt	Tenure	Outstanding Debt as on 31.01.2025	GOP guaranteed Loan	Equity	Remarks
1	2	3	4	5	6	7	8	9	10	11	12

(ਅਨੁਲੱਗ-6)

Proforma for Financial Position of Agencies under Administrative Department

Proforma - A

(Rs. In Crores)

Information required upto 31.03.2024											
Sr. No.	Name of Administrative Department	Name of SPUs/ Entities under the Administrative Department	Equity	Revenue	Expenditure	Loss(-)/Profit (+)	Capital Expansion		Number of Employees		
							Work	Rupees	Regular	Contract	Outsourced
1	2	3	4	5	6	7	8	9	10	11	12

Proforma - B

Details of Grants/Loans received directly from Govt. of India/ other National - International organizations to SPUs/Entities under the Control of Administrative Department of Punjab.

(Rs. In Crores)

Information required upto 31.03.2025						
Sr. No.	Name of Administrative Department	Name of SPUs/ Entities under the Administrative Department	Loan / Grant	In Case of loan, outstanding loan	Rupees (Amount)	Giving / Lending Organization / Government entity
1	2	3	4	5	6	7

ANNESURE-VII

Borrowings raised by State owned entities on the strength of their Government determined profit margin for the purpose of implementing welfare schemes unrelated to the normal commercial purview of entity.

Rs. in Crores

Sr. No.	List of Working PSUs	Actuals of 2023-24	Funds raised during the FY 2024-25	Likely Closing balance as on 31.03.2025	Opening balance as on 01.04.2025	Funds Likely to be raised during 2025-26	Likely closing balance as on 31.03.2026	Sources of revenue/tax/cess of the State from which the Principal and / or interest is to be repaid	Purpose for which funds has been raised.

Annexure VIII (F.Y. 2024-25)

Borrowings by State Public Sector Companies/corporations, Special Purpose vehicles (SPVs) and other equivalent instruments, where principal and/or interest are to be serviced out of the State Budgets and/or by assignment of taxes/cess or any other State's revenue.

Rs. in Crores

Sr. No.	Name of the state PSU/undertaking or any other entity under the control of the State Government	(Rs. In Crore) Opening balance as at beginning of FY	Funds raised during the year	Closing balance as at end of FY	Sources of revnue/tax/cess of the State from which the Principal and /or interest is to be repaid	Purpose for which funds has been raised.
	Department of Agriculture					
1	Punjab Agro Industries Corp.					
2	Punjab Agri Export Corporation					
3	Punjab State Container & Warehousing Corporation					
4	Punjab State Warehousing Corporation					
5	Punjab Agro Foodgrains Corp. Ltd.					
6	Punjab State Seeds Corporation					
	Department of Cooperation					
7	Punjab State Cooperative Milk Producers Federation Ltd. (MILKFED)					
8	Punjab State Cooperative Supply & Marketing Federation Ltd (MARKFED)					
9	Punjab State Fedration of Cooperative Sugar Mills Ltd. (SUGARFED)					
10	Punjab State Cooperative Agricultural Development bank Ltd (PSCADB)					
11	Punjab State Coorperative Bank					
12	Punjab State Cooperative Development Federation Ltd. (PUNCOFED)					
13	Punjab State Federation of Cooperative House Building Societies Ltd (HOUSEFED)					
14	Punjab State Cooperative Labour and Construction Ltd. (LABOURFED)					
	Department of Defence Service Welfare					
15	Punjab Ex-servicemen Corporation (PESCO)					
	Department of Food Civil Supplies and Consumer Affairs					
16	Punjab State Grains Procurement Corporation Ltd. (PUNGRAIN)					
17	Punjab State Civil Supplies Corp. Ltd. (PUNSUP)					
	Department of Forest and Wild Life Preservation					
18	Punjab Forest Dev. Corporation					
	Department of Health & Family Welfare					
19	Punjab Health System Corporation. (PHSC)					
	Department of Home Affairs and Justice					
20	PUNJAB POLICE HOUSING CORPORATION (PPHC)					
	Department of Housing and Urban Development					
21	Punjab Urban Development Authority (PUDA)					
22	Greater Mohali Development Authority (GMADA)					
	Department of Irrigation					
23	Punjab Water Resources Management And Development Corp., Chandigarh					
	Department of Industries and Commerce					
24	Punjab Financial Corporation (PFC)					
25	Punjab State Industrial Development Corporation Ltd. (PSIDC)					
26	Punjab State Small Industries and Export Corporation Ltd. (PSIEC)					
27	Punjab Information and Communication Technology Corporation Ltd. (Infotec)					
28	Punjab Communication Ltd. (PUNCOM)					
	Department Of local Government					
29	Punjab Municipal infrastructure Development Company (PMIDC)					
	Department of Power					
30	Punjab State Power CorporationLtd Patiala (PSPCL)					
31	Punjab State Transmission Corporation Ltd.Patiala (PSTCL)					
	Department Of Social Justice And Empowerment And Minorities					

Annexure VIII (F.Y. 2024-25)						
Borrowings by State Public Sector Companies/corporations, Special Purpose vehicles (SPVs) and other equivalent instruments, where principal and/or interest are to be serviced out of the State Budgets and/or by assignment of taxes/cess or any other State's revenue.						
						Rs. in Crores
Sr. No.	Name of the state PSU/undertaking or any other entity under the control of the State Government	(Rs. In Crore)			Sources of revnue/tax/cess of the State from which the Principal and /or interest is to be repaid	Purpose for which funds has been raised.
		Opening balance as at beginning of FY	Funds raised during the year	Closing balance as at end of FY		
32	Punjab Backward Classes Land Development and Finance Corporation,Chandigarh					
33	Punjab Scheduled Castes Land Development and Finance Corporation,Chandigarh (PSCFC)					
	Department of Science and Technology					
34	Punjab State Biotech Corp.					
	Department of New and Renewable Energy					
35	Punjab Energy Development Agency (PEDA)					
	Department Of Transport					
36	Punjab State Bus Management Co. Ltd. (PUNBUS)					
37	Pepsu Road Transport Corporation (PRTC)					
	Department of Tourism and Cultural Affairs					
38	Punjab Tourism Development Corporation(PTDC)					
	List of the Working Boards					
	Department of Agriculture					
39	Punjab Mandi Board					
40	Pb. Rural Dev. Board					
	Department of Finance					
41	Punjab Infrastructure Development Board (PIDB)					
	Department of Industries and Commerce					
42	Punjab Khadi and Village Industries Board					
	Department of Local Government					
43	Pb. Water Supply & Sewerage Board					
	Department of Public Works					
44	Punjab Road & Bridges Dev. Board (PRBDB)					
	Department of Science and Technology					
45	Punjab Pollution Control Board (PPCB)					
	List of the Non Working PSUs					
	Department of Animal Husbandry, Dairy Dev. And Fisheries					
46	Punjab Poultry Development Corp.					
	Department of Industries and Commerce					
47	PUNJAB STATE LEATHER DEVELOPMENT CORPORATION LTD.					
48	PUNJAB STATE HANDLOOM AND TEXTILES DEVELOPMENT CORP.					
49	PUNJAB STATE HOSIERY AND KNITWEAR DEV. CORP. LTD.					
50	Punjab Foot wears Ltd.					
51	Punjab Tanneries Limited					
	Department of Information and public Relation					
52	Punjab Film & News Corporation					
	Total					